ਜੈ ਗੁਰਦੇਵ।

ਧੰਨ ਗੁਰਦੇਵ!!


**ਚੌਦਹ ਸੌ ਤੈਤੀਸ ਕੋ ਮਾਘ ਸੁਦੀ ਪੰਦ੍ਰਾਸ॥**
**ਦੁਖੀਓਂ ਕੇ ਕਲਿਆਣ ਹਿਤ ਪ੍ਰਗਟੇ ਸ੍ਰੀ ਰਵਿਦਾਸ॥**

—ਸੰਤ ਕਰਮਦਾਸ ਜੀ

T-17

# ਪ੍ਰੇਮ ਕੀ ਜੇਵਰੀ

[ਟ੍ਰੈਕਟ ਨੰ: 17]



ਪ੍ਰਕਾਸ਼ਕ: ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ (ਪੰਜਾਬ) (ਰਜਿ:)
N.B. 180, ਪ੍ਰੀਤ ਨਗਰ, ਸੋਢਲ ਰੋਡ, ਜਲੰਧਰ-4 ਫੋਨ: 0181-2490309

## ਆਸਾ ਬਾਣੀ ਸ੍ਰੀ ਰਵਿਦਾਸ ਜੀਉ ਕੀ ॥
## ੧ੳ ਸਤਿਗੁਰ ਪ੍ਰਸਾਦਿ ॥

ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ ॥

ਪ੍ਰੇਮੁ ਜਾਇ ਤਉ ਡਰਪੈ ਤੇਰੋ ਜਨੁ ॥੧॥

ਮੇਰੇ ਸਰੀਰ ਦੇ ਟੋਟੇ-ਟੋਟੇ ਹੋ ਜਾਣ ਤਾਂ ਮੈਨੂੰ ਇਸ ਗੱਲ ਦੀ ਕੋਈ ਪ੍ਰਵਾਹ ਨਹ ਪਰ ਜੇ ਤੇਰਾ ਪ੍ਰੇਮ ਮੇਰੇ ਹਿਰਦੇ ਵਿਚੋਂ ਚਲਾ ਜਾਵੇ ਤਾਂ ਤੇਰੇ ਸੇਵਕ ਨੂੰ ਡਰ ਲੱਗਦ ਹੈ।

ਤੁਝਹਿ ਚਰਨ ਅਰਬਿੰਦ ਭਵਨ ਮਨੁ ॥

ਪਾਨ ਕਰਤ ਪਾਇਓ ਪਾਇਓ ਰਾਮਈਆ ਧਨੁ ॥੧॥ ਰਹਾਉ ॥

ਹੇ ਪਾਰਬ੍ਰਹਮ! ਤੇਰੇ ਚਰਨ (ਪੈਰ) ਕੌਲ ਫੁੱਲ ਹਨ ਤੇ ਮੇਰਾ ਮਨ ਭੌਰੇ ਵਾਂਗ ਇਨ੍ਹਾਂ ਵਿਚ ਟਿਕਾਣਾ ਬਣਾ ਕੇ ਟਿਕਿਆ ਹੋਇਆ ਹੈ। ਤੇਰੇ ਚਰਨਾਂ ਦਾ ਅੰਮ੍ਰਿ ਰਸ-ਪਾਨ ਕਰਦਿਆਂ ਮੈਂ ਰਾਮ ਰੂਪੀ ਧਨ ਪਾ ਲਿਆ ਹੈ।

ਸੰਪਤਿ ਬਿਪਤਿ ਪਟਲ ਮਾਇਆ ਧਨੁ ॥

ਤਾ ਮਹਿ ਮਗਨ ਹੋਤ ਨ ਤੇਰੋ ਜਨੁ ॥੨॥

ਸੁੱਖ-ਦੁੱਖ ਅਤੇ ਧਨ-ਮਾਲ ਆਦਿ ਮਾਇਆ ਦੇ ਪਰਦੇ ਹਨ। ਪਰ ਮੈਂ ਤੇਰਾ ਦਾਸ ਇਨ੍ਹਾਂ ਮੋਹ-ਮਾਇਆ ਦੇ ਪਰਦਿਆਂ ਵਿਚ ਨਹੀਂ ਫਸਦਾ।

ਪ੍ਰੇਮ ਕੀ ਜੇਵਰੀ ਬਾਧਿਓ ਤੇਰੋ ਜਨ ॥

ਕਹਿ ਰਵਿਦਾਸ ਛੂਟਿਬੋ ਕਵਨ ਗੁਨ ॥੩॥੪॥ (ਪੰਨਾ ੪੮੬)

ਤੇਰਾ ਦਾਸ ਤੇਰੇ ਪ੍ਰੇਮ ਦੀ ਰੱਸੀ (ਜੇਵਰੀ) ਨਾਲ ਬੱਝਾ ਹੋਇਆ ਹੈ। ਇਸ ਪ੍ਰੇਮ ਦੀ ਰੱਸੀ ਵਿਚੋਂ ਛੁੱਟਣ ਦਾ ਦਾਸ ਨੂੰ ਕੋਈ ਲਾਭ ਨਹੀਂ।

**ਟ੍ਰੈਕਟ ਨੰ: 17** **ਪਹਿਲੀ ਵਾਰ : 6000** **ਫਰਵਰੀ 2009**

ਪ੍ਰਕਾਸ਼ਕ : **ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ (ਪੰਜਾਬ) (ਰਜਿ:)**

(ਰਜਿ: ਨੰ: 179/2006-07)

***ਹੈੱਡ-ਆਫਿਸ :*** N.B. 180, ਪ੍ਰੀਤ ਨਗਰ, ਸੋਢਲ ਰੋਡ, ਜਲੰਧਰ-4

ਫੋਨ : 0181-2490309, ਮੋਬਾਈਲ : 94176-10120

***ਸਬ-ਆਫਿਸ :*** ਪਿੰਡ ਤੇ ਡਾਕਖਾਨਾ ਬਿਨਪਾਲਕੇ ਨੇੜੇ ਭੋਗਪੁਰ,

ਜ਼ਿਲ੍ਹਾ ਜਲੰਧਰ-144 201 ਫੋਨ : 0181-2725408

# ਅੱਗੇ ਵਧਦੇ ਕਦਮ

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਤਿਗੁਰੂ ਰਵਿਦਾਸ ਜੀ ਦਾ ਜਨਮ ਪੁਰਬ ਸਾਰਾ ਸੰਸਾਰ ਮਨ੍ਹਾ ਰਿਹਾ ਹੈ। ਸ੍ਰੀ ਗੁਰੂ ਰਵਿਦਾਸ ਜੀ ਦੀ ਬੇਗਮਪੁਰਾ ਦੀ ਫਿਲਾਸਫੀ ਨੂੰ ਸਾਰਾ ਸੰਸਾਰ ਹੀ ਪ੍ਰਵਾਨ ਕਰ ਚੁੱਕਾ ਹੈ। ਡੇਰਾ ਸੱਚਖੰਡ ਬੱਲਾਂ ਦੀ ਯੋਗ ਅਗਵਾਈ ਹੇਠ ਸ੍ਰੀ ਗੁਰੂ ਰਵਿਦਾਸ ਜੀ ਦੀ ਗੁਰਬਾਣੀ ਦਾ ਸੰਦੇਸ਼ ਘਰ-ਘਰ ਪਹੁੰਚਾਇਆ ਜਾ ਰਿਹਾ ਹੈ। ਹੌਲੀ-ਹੌਲੀ ਸਮੁੱਚੇ ਪਛੜੇ ਵਰਗ ਵਿਚ ਜਾਗ੍ਰਿਤੀ ਆ ਰਹੀ ਹੈ। ਜਿਉਂ-ਜਿਉਂ ਪਛੜਿਆ ਸਮਾਜ ਉੱਨਤੀ ਕਰ ਰਿਹਾ ਹੈ, ਤਿਉਂ-ਤਿਉਂ ਸ੍ਰੀ ਗੁਰੂ ਰਵਿਦਾਸ ਜੀ ਦੀ ਗੁਰਬਾਣੀ ਦੀ ਵਿਚਾਰਧਾਰਾ ਸਮਾਜ ਵਿਚ ਹੋਰ ਚੰਗੇ ਢੰਗ ਨਾਲ ਫੈਲ ਰਹੀ ਹੈ। ਸ੍ਰੀਮਾਨ 108 ਸੰਤ ਸਰਵਣ ਦਾਸ ਜੀ ਨੇ ਅੱਜ ਤੋਂ ਕਈ ਦਹਾਕੇ ਪਹਿਲਾਂ ਜੋ ਕੌਮ ਨੂੰ ਸੁਨੇਹਾ ਦਿੱਤਾ ਸੀ, ਡੇਰੇ ਦੇ ਉਨ੍ਹਾਂ ਤੋਂ ਅਗਲੇ ਗੱਦੀ ਨਸ਼ੀਨ ਉਨ੍ਹਾਂ ਦੇ ਕਦਮ ਚਿੰਨ੍ਹਾਂ 'ਤੇ ਚੱਲ ਕੇ ਉਸ ਸੁਨੇਹੇ ਨੂੰ ਅੱਗੇ ਲਿਜਾ ਰਹੇ ਹਨ।

ਇਸੇ ਉੱਦਮ ਸਦਕਾ ਸ੍ਰੀ ਗੁਰੂ ਰਵਿਦਾਸ ਜੀ ਦਾ ਜਨਮ ਅਸਥਾਨ ਸੀਰ ਗੋਵਰਧਨਪੁਰ ਵਿਚ ਲੱਭ ਕੇ ਉਥੇ ਆਲੀਸ਼ਾਨ ਧਰਮ ਅਸਥਾਨ ਦੀ ਸਥਾਪਨਾ ਕੀਤੀ ਗਈ ਹੈ, ਜਿਥੇ ਕਿ ਸਾਰਾ ਸੰਸਾਰ ਹੀ ਨਤਮਸਤਕ ਹੁੰਦਾ ਹੈ। ਇਸੇ ਤਰ੍ਹਾਂ ਹਰਿਦੁਆਰ ਅਤੇ ਬਾਹਰਲੇ ਮੁਲਕਾਂ ਵਿਚ ਵੀ ਸ੍ਰੀ ਗੁਰੂ ਰਵਿਦਾਸ ਜੀ ਦੇ ਪਵਿੱਤਰ ਮੰਦਰ ਉਸਾਰੇ ਗਏ ਹਨ।

ਸ੍ਰੀ ਗੁਰੂ ਰਵਿਦਾਸ ਜੀ ਨੇ ਮਨੁੱਖਤਾ ਨੂੰ ਕੇਵਲ ਇਕ ਪਾਰਬ੍ਰਹਮ ਪਰਮਾਤਮਾ ਨਾਲ ਜੋੜਨ ਲਈ ਬਨਾਰਸ ਤੋਂ ਬਾਅਦ ਚਿਤੌੜਗੜ੍ਹ, ਉਦੇਪੁਰ, ਮਾਰਵਾੜ (ਸਾਰੇ ਰਾਜਸਥਾਨ ਵਿਚ), ਪਟਨਾ, ਗੋਰਖਪੁਰ, ਪ੍ਰਤਾਪਗੜ੍ਹ, ਝਾਂਸੀ ਪਾਕਿਸਤਾਨ, ਜੈਸਲਮੇਰ, ਭਰਤਪੁਰ, ਭਾਗਲਪੁਰ ਤੇ ਇਨ੍ਹਾਂ ਰਾਜਾਂ ਜਿਵੇਂ ਉੜੀਸਾ, ਹੈਦਰਾਬਾਦ, ਆਂਧਰਾ ਪ੍ਰਦੇਸ਼, ਗੁਜਰਾਤ, ਪੰਜਾਬ ਆਦਿ ਦੇ ਕਈ ਭਾਗਾਂ ਦੀਆਂ ਪੈਦਲ ਯਾਤਰਾਵਾਂ ਕੀਤੀਆਂ।

ਗੁਰੂ ਰਵਿਦਾਸ ਜੀ ਦੁਆਰਾ ਖੁਰਾਲਗੜ੍ਹ ਸਾਹਿਬ ਦੀ ਕੀਤੀ ਯਾਤਰਾ ਅਤਿ ਮਹੱਤਵਪੂਰਨ ਤੇ ਆਖਰੀ ਪੰਜਵੀਂ ਉਦਾਸੀ ਸੀ। ਇਸ ਉਦਾਸੀ ਦੌਰਾਨ ਗੁਰੂ ਰਵਿਦਾਸ ਜੀ ਲੋਕਾਈ ਨੂੰ ਪ੍ਰਭ ਨਾਲ ਜੋੜਦੇ ਹੋਏ ਪੰਜਾਬ, ਪਾਕਿਸਤਾਨ, ਜੰਮੂ-ਕਸ਼ਮੀਰ, ਅਫਗਾਨਿਸਤਾਨ ਤੇ ਹਿਮਾਚਲ ਪ੍ਰਦੇਸ਼ ਵਿਚ ਪ੍ਰਚਾਰ ਕਰਦੇ ਹੋਏ ਬਨਾਰਸ ਪਹੁੰਚੇ। ਇਹ ਉਦਾਸੀ ਗੁਰੂ ਜੀ ਨੇ 1513-14 ਈ: ਵਿਚ ਸ਼ੁਰੂ ਕੀਤੀ ਤੇ ਗੁਰੂ ਰਵਿਦਾਸ ਜੀ 1515 ਈ: ਨੂੰ ਖੁਰਾਲਗੜ੍ਹ ਸਾਹਿਬ ਵਿਖੇ ਪਹੁੰਚੇ। ਕਿਹਾ ਜਾਂਦਾ ਹੈ ਕਿ ਗੁਰੂ ਜੀ ਦੇ ਨਾਲ ਸੰਤ ਮੀਰਾ ਬਾਈ ਤੇ ਉਹਨਾਂ ਦੇ ਹੋਰ ਸੇਵਕ ਵੀ ਸਨ। ਸ੍ਰੀ ਖੁਰਾਲਗੜ੍ਹ ਸਾਹਿਬ ਪੰਜਾਬ ਹੁਸ਼ਿਆਰਪੁਰ ਜ਼ਿਲ੍ਹੇ ਦੀ ਤਹਿਸੀਲ ਗੜ੍ਹਸ਼ੰਕਰ ਦੀ ਉਹ ਮਹਾਨ ਧਰਤੀ ਹੈ ਜਿਸ ਨੂੰ ਜਗਤ ਗੁਰੂ ਰਵਿਦਾਸ ਜੀ ਦੇ ਪਾਵਨ ਚਰਨਾਂ ਦੀ ਛੋਹ ਪ੍ਰਾਪਤ ਹੈ। ਇਸ ਧਰਤੀ ਨੂੰ ਪੰਜਾਬ ਦੀ ਕਾਂਸ਼ੀ ਹੋਣ ਦਾ ਮਾਣ ਪ੍ਰਾਪਤ ਹੈ। ਇਹ ਪਾਵਨ ਧਰਤੀ ਸ਼ਿਵਾਲਕ ਦੀਆਂ ਪਹਾੜੀਆਂ ਦੀ ਮਨਮੋਹਣੀ ਹਰਿਆਲੀ ਵਿਚ ਜਗਮਗਾ ਰਹੀ ਹੈ। ਇਹ ਅਸਥਾਨ ਪੰਜਾਬ ਹਿਮਾਚਲ ਦੀ ਜੱਦ ਵਿਚ ਪੈਂਦਾ ਹੈ। ਇਸ ਇਲਾਕੇ ਵਿਚ 22 ਪਿੰਡ ਪੈਂਦੇ ਹਨ ਜਿਸ ਕਰਕੇ ਇਸ ਨੂੰ ਬੀਤ ਦਾ ਇਲਾਕਾ ਕਿਹਾ ਜਾਂਦਾ ਹੈ। ਇਥੇ ਪਹਿਲਾਂ ਦੋ ਬੀਤਾਂ ਹੁੰਦੀਆਂ ਸਨ ਜਿਨ੍ਹਾਂ ਨੂੰ ਆਰਲਾਬੀਤ ਤੇ ਪਾਰਲਾਬੀਤ ਕਿਹਾ ਜਾਂਦਾ ਸੀ। ਪਾਰਲਾਬੀਤ ਹੁਣ ਹਿਮਾਚਲ ਪ੍ਰਦੇਸ਼ ਵਿਚ ਹੈ।

ਸ੍ਰੀ ਗੁਰੂ ਰਵਿਦਾਸ਼ ਜੀ ਮਹਾਰਾਜ ਪੰਜਾਬ ਦੀ ਇਸ ਪਾਵਨ ਧਰਤੀ ਨੂੰ ਆਪਣੇ ਚਰਨਾਂ ਕੰਵਲਾਂ ਨਾਲ 4 ਸਾਲ, 2 ਮਹੀਨੇ, 11 ਦਿਨ ਨਿਵਾਜਦੇ ਰਹੇ। ਇਹ ਪਾਵਨ ਅਸਥਾਨ ਗੜ੍ਹਸ਼ੰਕਰ ਤੋਂ 24 ਕਿਲੋਮੀਟਰ ਦੂਰੀ 'ਤੇ ਨੀਮ ਪਹਾੜੀ ਇਲਾਕੇ ਵਿਚ ਸੁਭਾਇਮਾਨ ਹੈ। ਇਸ

ਅਸਥਾਨ 'ਤੇ ਗੜ੍ਹਸ਼ੰਕਰ ਤੋਂ ਮਹਿਤਾਬਪੁਰ, ਰੋਡ ਮਾਜਰਾ ਆਦਿ ਪਿੰਡਾਂ ਤੇ ਖੁਰਾਲਗੜ੍ਹ ਸਾਹਿਬ ਤੋਂ ਆਸਾਨੀ ਨਾਲ ਜਾਇਆ ਜਾ ਸਕਦਾ ਹੈ।

ਪੰਜਾਬ ਦੇ ਇਸ ਪਾਵਨ ਸਥਾਨ 'ਤੇ ਹੁਣ 5 ਮੰਜ਼ਿਲਾ ਬਹੁਤ ਸੁੰਦਰ ਆਦਿ ਦੁਆਰਾ (ਮੰਦਰ) ਸੁਭਾਇਮਾਨ ਹੈ। ਇਥੇ ਉਸ ਖਰਾਸ ਦਾ ਪੁੜ ਵੀ ਮੌਜੂਦ ਹੈ ਜਿਹੜਾ ਗੁਰੂ ਰਵਿਦਾਸ ਜੀ ਦੀ ਬਖ਼ਸ਼ਿਸ਼ ਨਾਲ ਆਪਣੇ ਆਪ ਚੱਲਣ ਲੱਗ ਪਿਆ ਸੀ। ਪਰ ਇਸ ਦਾ ਦੂਸਰਾ ਪੁੜ ਸੰਭਾਲਿਆ ਨਹੀਂ ਜਾ ਸਕਿਆ। ਕੁਝ ਸਮਾਂ ਪਹਿਲਾਂ ਇਥੇ ਉਹ ਪਿੱਪਲ ਵੀ ਮੌਜੂਦ ਸੀ ਜਿਸ ਹੇਠਾਂ ਬੈਠ ਕੇ ਗੁਰੂ ਜੀ ਸੰਗਤਾਂ ਨੂੰ ਉਪਦੇਸ਼ ਕਰਦੇ ਹੁੰਦੇ ਸਨ, ਪਰ ਹੁਣ ਨਹੀਂ ਹੈ। ਇਸ ਥਾਂ 'ਤੇ ਗੁਰੂ ਰਵਿਦਾਸ ਜੀ ਦਾ ਤਪ ਸਥਾਨ ਵੀ ਹੈ ਜਿਸ ਨੂੰ ਤਪੱਸਿਆ ਘਰ ਕਹਿੰਦੇ ਹਨ। ਇਸ ਪਾਵਨ ਅਸਥਾਨ 'ਤੇ ਵਿਸਾਖੀ ਵਾਲੇ ਦਿਨ ਲੱਖਾਂ ਸੰਗਤਾਂ ਨਤਮਸਤਕ ਹੁੰਦੀਆਂ ਹਨ। ਹਰ ਗੁਰੂ ਪ੍ਰੇਮੀ ਨੂੰ ਇਸ ਪਾਵਨ ਅਸਥਾਨ ਦੇ ਘੱਟੋ-ਘੱਟ ਇਕ ਵਾਰ ਤਾਂ ਜ਼ਰੂਰ ਦਰਸ਼ਨ ਕਰਨੇ ਚਾਹੀਦੇ ਹਨ, ਕਿਉਂਕਿ ਇਥੇ ਆ ਕੇ ਮਨ ਨੂੰ ਬੜੀ ਸ਼ਾਂਤੀ ਤੇ ਆਨੰਦ ਮਿਲਦਾ ਹੈ।

ਉਸ ਸਮੇਂ ਇਥੋਂ ਦਾ ਰਾਜਾ ਬੈਨ ਸਿੰਘ ਸੀ। ਰਾਜਾ ਬੈਨ ਸਿੰਘ ਵਲੋਂ ਸ੍ਰੀ ਗੁਰੂ ਰਵਿਦਾਸ ਜੀ ਉਤੇ ਕੀਤੀਆਂ ਜ਼ਿਆਦਤੀਆਂ, ਸ੍ਰੀ ਗੁਰੂ ਰਵਿਦਾਸ ਜੀ ਨੂੰ ਖਰਾਸ ਨਾਲ ਆਟਾ ਪੀਹਣ ਦੀ ਸਜ਼ਾ ਦੇਣਾ, ਖਰਾਸ ਦਾ ਆਪਣੇ ਆਪ ਚੱਲਣਾ, ਇਹ ਕੌਤਕ ਦੇਖ ਕੇ ਰਾਜਾ ਬੈਨ ਸਿੰਘ ਦਾ ਚਕਿਤ ਹੋਣਾ ਤੇ ਕੀਤੇ ਪਾਪਾਂ ਦਾ ਪਸਚਾਤਾਪ ਕਰਨਾ ਤੇ ਅਖੀਰ ਸ੍ਰੀ ਗੁਰੂ ਰਵਿਦਾਸ ਜੀ ਦਾ ਸੇਵਕ ਬਣਨਾ, ਰਾਜਾ ਬੈਨ ਸਿੰਘ ਤੇ ਸੰਗਤਾਂ ਦੀ ਬੇਨਤੀ 'ਤੇ ਸ੍ਰੀ ਗੁਰੂ ਰਵਿਦਾਸ ਜੀ ਨੇ ਖੱਡ ਦੇ ਪੱਥਰ ਨੂੰ ਪੈਰ ਦੇ ਸੱਜੇ ਅੰਗੂਠੇ ਨਾਲ ਪਰੇ ਕਰਕੇ ਜਲ ਦੀ ਛਹਿਬਰ ਲਾਉਣੀ ਤੇ ਪਿਆਸਿਆਂ ਲਈ ਅੰਮ੍ਰਿਤਮਈ ਜਲ ਦੀ ਮਿਹਰ ਕਰਨੀ ਆਦਿ ਦੀਆਂ ਕ੍ਰਿਸ਼ਮਾਮਈ ਘਟਨਾਵਾਂ ਸ੍ਰੀ ਗੁਰੂ ਰਵਿਦਾਸ ਜੀ ਦੀਆਂ ਸੰਗਤਾਂ ਵਿਚ ਅੱਜ ਵੀ ਕਥਾ ਰੂਪ ਵਿਚ ਪ੍ਰਚਲਿਤ ਹਨ।

ਹੁਣ ਭਾਰਤ ਸਰਕਾਰ ਨੇ ਖੁਰਾਲਗੜ੍ਹ ਵੱਲ ਤਵੱਜੋ ਦਿੱਤੀ ਹੈ। ਭਾਰਤ ਸਰਕਾਰ ਦਾ ਪਰਿਯਟਨ ਮੰਤਰਾਲਾ ਅਤੇ ਸੰਸਕ੍ਰਿਤੀ ਮੰਤਰਾਲਾ ਵਲੋਂ ਪਿੰਡ ਖੁਰਾਲੀ (ਖੁਰਾਲਗੜ੍ਹ) ਵਿਖੇ ਪ੍ਰਦਰਸ਼ਨ ਸਭਾ-ਭਵਨ ਤੇ ਪਰਿਯਟਕ ਸੁਵਿਧਾ ਕੇਂਦਰ ਸਥਾਪਤ ਕਰਨ ਦਾ ਐਲਾਨ ਕੀਤਾ ਹੈ। ਇਸ ਸੰਬੰਧੀ ਅਖਬਾਰਾਂ ਵਿਚ ਇਸ਼ਤਿਹਾਰ ਦਿੱਤਾ ਗਿਆ ਹੈ ਕਿ ਭਾਰਤ ਸਰਕਾਰ ਵਲੋਂ ਇਥੇ ਪੇਂਡੂ ਵਸਨੀਕਾਂ ਲਈ ਕੰਮਕਾਰ ਦੇ ਸਥਾਈ ਸਾਧਨ ਸੁਨਿਸ਼ਚਿਤ ਕੀਤੇ ਜਾਣਗੇ ਅਤੇ ਸੰਪੂਰਨ ਖੇਤਰ ਦਾ ਏਕੀਕ੍ਰਿਤ ਵਿਕਾਸ ਕੀਤਾ ਜਾਏਗਾ। ਇਹ ਭਾਰਤ ਸਰਕਾਰ ਵਲੋਂ ਸ੍ਰੀ ਗੁਰੂ ਰਵਿਦਾਸ ਜੀ ਦੀ ਫ਼ਿਲਾਸਫ਼ੀ ਪ੍ਰਤੀ ਸ਼ਰਧਾ ਤੇ ਸਮਰਪਿਤ ਦੀ ਭਾਵਨਾ ਹੈ। ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ ਰਜਿਸਟਰਡ ਭਾਰਤ ਸਰਕਾਰ ਦੇ ਇਸ ਉੱਦਮ ਦੀ ਸ਼ਲਾਘਾ ਕਰਦੀ ਹੈ ਅਤੇ ਆਸ ਕਰਦੀ ਹੈ ਕਿ ਇਸੇ ਤਰ੍ਹਾਂ ਪੱਛੜੀਆਂ ਸ਼੍ਰੇਣੀਆਂ ਦੀ ਉੱਨਤੀ ਵੱਲ ਭਾਰਤ ਸਰਕਾਰ ਹੋਰ ਜ਼ਿੰਮੇਵਾਰੀ ਨਾਲ ਕੰਮ ਕਰੇਗੀ। ਅਸੀਂ ਭਾਰਤ ਸਰਕਾਰ ਦੇ ਧੰਨਵਾਦੀ ਹਾਂ।

ਸੰਸਥਾ ਲਗਭਗ ਪਿਛਲੇ 16-17 ਸਾਲਾਂ ਤੋਂ ਇਸ ਧਾਰਮਿਕ ਕਾਰਜ ਵਿਚ ਸਰਗਰਮ ਹੈ। ਇਸ ਅਰਸੇ ਦੌਰਾਨ ਸੰਗਤਾਂ ਵਲੋਂ ਵੀ ਭਰਪੂਰ ਹੁੰਗਾਰਾ ਮਿਲ ਰਿਹਾ ਹੈ। ਸੰਸਥਾ ਵਲੋਂ ਹੁਣ ਤੱਕ 17 ਪੰਫਲਿਟ ਪ੍ਰਕਾਸ਼ਿਤ ਕਰਕੇ ਸੰਗਤਾਂ ਨੂੰ ਭੇਟ ਕੀਤੇ ਗਏ ਹਨ। ਇਸਦੇ ਨਾਲ ਹੀ ਸ੍ਰੀ ਗੁਰੂ ਰਵਿਦਾਸ ਜੀ ਦੀ ਗੁਰਬਾਣੀ ਦੇ 40 ਸ਼ਬਦ ਅਤੇ ਇਕ ਸਲੋਕ ਛਾਪ ਕੇ ਸੰਗਤਾਂ ਦੀ ਭੇਟਾ ਕੀਤਾ ਗਿਆ ਹੈ। ਉਪਰਾਲਾ ਕਰ ਰਹੇ ਹਾਂ ਕਿ ਗੁਰਬਾਣੀ ਦਾ ਸਟੀਕ ਵੀ ਸੰਗਤਾਂ ਨੂੰ ਭੇਟ ਕੀਤਾ ਜਾਵੇ ਤਾਂ ਕਿ ਸੰਗਤਾਂ ਗੁਰਬਾਣੀ ਨੂੰ ਅਰਥਾਂ ਸਮੇਤ ਪੜ੍ਹ ਕੇ ਲਾਹਾ ਖੱਟਣ।2004 ਵਿਚ ਸੰਸਥਾ ਵਲੋਂ 'ਗੁਰੂ ਮਿਲਿਆ ਰੈਦਾਸ' ਟ੍ਰੈਕਟ ਛਾਪਿਆ ਗਿਆ ਸੀ। ਉਸ ਟ੍ਰੈਕਟ ਦਾ ਸਾਰਾ ਖਰਚਾ

ਯੂ.ਐਸ.ਏ. ਨਿਵਾਸੀ ਸ੍ਰੀ ਦੌਲਤ ਰਾਮ ਜੀ ਨੇ ਭੇਜਿਆ ਸੀ। ਇਸੇ ਤਰ੍ਹਾਂ 2006 ਵਿਚ ਸੰਸਥਾ ਵਲੋਂ 'ਖੁਰਾਲਗੜ੍ਹ ਸਾਹਿਬ ਦਾ ਇਤਿਹਾਸ' ਛਾਪਿਆ ਗਿਆ ਸੀ। ਇਸ ਟ੍ਰੈਕਟ ਦਾ ਖਰਚਾ ਇੰਗਲੈਂਡ ਨਿਵਾਸੀ ਸ੍ਰੀ ਪੁੰਨੂੰ ਰਾਮ ਅਤੇ ਉਨ੍ਹਾਂ ਦੇ ਪਰਿਵਾਰ ਵਲੋਂ ਭੇਜਿਆ ਗਿਆ ਸੀ। ਇਸ ਹੱਥਲੇ ਪੰਫ਼ਲਿਟ ਦਾ ਸਾਰਾ ਖਰਚਾ ਕੈਨੇਡਾ ਨਿਵਾਸੀ ਸ੍ਰੀ ਬਲਬੀਰ ਹੀਰ, ਗੁਰਮੁਖ ਸਿੰਘ ਸਿੱਧੂ, ਤੇਜਪਾਲ ਗੰਗੜ, ਕੁਲਵੰਤ ਸਿੰਘ ਮਹੇ ਜੀ ਦੇ ਉੱਦਮ ਸਦਕਾ ਕੈਨੇਡਾ ਦੀ ਸੰਗਤ ਵਲੋਂ ਭੇਜਿਆ ਗਿਆ ਹੈ। ਕੈਨੇਡਾ ਦੀ ਸੰਗਤ ਵਲੋਂ ਹੋਰ ਵੀ ਮਦਦ ਦਾ ਭਰੋਸਾ ਦਿੱਤਾ ਗਿਆ ਹੈ। ਸੰਸਥਾ ਇਨ੍ਹਾਂ ਗੁਰਮੁਖ ਪਿਆਰਿਆਂ ਅਤੇ ਕੈਨੇਡਾ ਦੀ ਸੰਗਤ ਦੀ ਧੰਨਵਾਦੀ ਹੈ।

ਸੰਸਥਾ ਦੇ ਸਾਰੇ ਸੇਵਾਦਾਰ ਨਿਸ਼ਕਾਮ ਸੇਵਕ ਹਨ। ਇਨ੍ਹਾਂ ਵਿਚ ਸਰਵ ਸ੍ਰੀ ਕਾਂਸ਼ੀ ਰਾਮ ਕਲੇਰ ਸੀਨੀਅਰ ਮੀਤ ਪ੍ਰਧਾਨ, ਪਰਮਜੀਤ ਵਿਰਦੀ ਮੀਤ ਪ੍ਰਧਾਨ, ਅਮਰਜੀਤ ਸਿੰਘ ਜਨਰਲ ਸਕੱਤਰ, ਦਿਲਬਾਗ ਸਿੰਘ ਦਫ਼ਤਰ ਸਕੱਤਰ, ਅਸ਼ਵਨੀ ਚੋਕੜੀਆ ਖਜ਼ਾਨਚੀ, ਗੁਰਪ੍ਰੀਤ ਸਿੰਘ ਬੱਧਣ ਸਹਾਇਕ ਖਜ਼ਾਨਚੀ, ਰਾਮ ਧੰਨ ਨਾਂਗਲੂ ਆਡੀਟਰ, ਰਾਜਿੰਦਰ ਬੱਧਣ ਲੀਗਲ ਅਡਵਾਈਜ਼ਰ ਦੀ ਸੇਵਾ ਨਿਭਾਅ ਰਹੇ ਹਨ। ਇਸਦੇ ਨਾਲ ਹੀ ਮਹਿੰਦਰ ਸੰਧੂ ਮਹੇੜੂ ਵਿਦੇਸ਼ ਪ੍ਰਤੀਨਿਧ, ਚਰਨਜੀਤ ਸਿੰਘ ਬਿਨਪਾਲਕੇ, ਅਸ਼ਵਨੀ ਹੀਰ, ਰੇਸ਼ਮ ਲਾਲ, ਅਜੀਤ ਕੁਮਾਰ ਅਤੇ ਸੁਰੇਸ਼ ਬੱਧਣ ਆਦਿ ਐਗਜ਼ੇਕਟਿਵ ਕਮੇਟੀ ਦੇ ਮੈਂਬਰ ਵਜੋਂ ਸੇਵਾ ਨਿਭਾਅ ਰਹੇ ਹਨ। ਸੰਸਥਾ ਇਨ੍ਹਾਂ ਦੀ ਵੀ ਧੰਨਵਾਦੀ ਹੈ।

ਸੰਸਥਾ ਵਲੋਂ ਮਹਿੰਦਰ ਸੰਧੂ ਮਹੇੜੂ ਦੀਆਂ ਪੁਸਤਕਾਂ 'ਸੰਤਾਂ ਦੀ ਸੰਗਤ', 'ਸਤਿ ਭਾਖੈ ਰਵਿਦਾਸ', 'ਬੇਬੇ ਨਾਨਕੀ ਦਾ ਵੀਰ', 'ਉਪਜਿਓ ਗਿਆਨੁ ਹੂਆ ਪਰਗਾਸੁ', 'ਗੁਰੂ ਰਵਿਦਾਸ ਮੇਰਾ ਗੁਰੂ ਰਵਿਦਾਸ' ਅਤੇ 'ਸਾਡਾ ਰੱਬ' ਵੀ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ, ਜਿਹੜੀਆਂ ਕਿ ਸੰਗਤਾਂ ਨੂੰ ਲਾਗਤ ਮੁੱਲ ਉੱਤੇ ਦਿੱਤੀਆਂ ਜਾ ਰਹੀਆਂ ਹਨ। ਇਸ ਤਰ੍ਹਾਂ ਕਈ ਹੋਰ ਪੁਸਤਕਾਂ ਦੇ ਖਰੜੇ ਵੀ ਤਿਆਰ ਹਨ, ਜਿਹੜੀਆਂ ਸਮੇਂ-ਸਮੇਂ 'ਤੇ ਸੰਸਥਾ ਵਲੋਂ ਪ੍ਰਕਾਸ਼ਿਤ ਕੀਤੀਆਂ ਜਾਣਗੀਆਂ।

ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ ਰਜਿਸਟਰਾਰ ਆਫ ਫਰਮਜ਼ ਐਂਡ ਸੁਸਾਇਟੀ ਪੰਜਾਬ ਚੰਡੀਗੜ੍ਹ ਵਲੋਂ ਐਕਟ XXI ਆਫ 1860 ਦੇ ਅਧੀਨ ਨੰ. 179 ਆਫ 2006-07 ਮਿਤੀ 16 ਮਾਰਚ ਨੂੰ ਰਜਿਸਟਰਡ ਹੋ ਗਈ ਹੈ। ਸੰਸਥਾ ਦਾ ਖਾਤਾ ਵੀ ਪੰਜਾਬ ਨੈਸ਼ਨਲ ਬੈਂਕ ਨੇੜੇ ਕੇ.ਐਮ.ਵੀ. ਜਲੰਧਰ ਵਿਚ ਖੁਲ੍ਹਵਾ ਦਿੱਤਾ ਹੈ ਜਿਸ ਦਾ ਨੰਬਰ 392000 0101107244 ਹੈ। ਖਾਤਾ ਤਾਂ ਖੁਲ੍ਹਵਾ ਦਿੱਤਾ ਹੈ ਪਰ ਸੰਸਥਾ ਕੋਲ ਮਾਇਆ ਦੀ ਘਾਟ ਹੈ। ਹਰ ਸਾਲ 500 ਰੁਪਏ ਪ੍ਰਤੀ ਅਹੁਦੇਦਾਰ ਇਕੱਠੇ ਕਰਕੇ ਹੀ ਖਰਚਾ ਚਲਾਇਆ ਜਾਂਦਾ ਹੈ।

ਕੌਮ ਦੇ ਬੱਚਿਆਂ ਨੂੰ ਧਾਰਮਿਕ ਸਿੱਖਿਆ ਦੇਣ ਲਈ ਮੁਫਤ ਕਲਾਸਾਂ ਲਾਈਆਂ ਜਾਂਦੀਆਂ ਹਨ। ਰੋਜ਼ਾਨਾ ਦੋ ਘੰਟੇ ਦੀ ਕਲਾਸ ਲਗਾਤਾਰ ਦੋ ਮਹੀਨੇ ਲਗਾ ਕੇ ਲੈਕਚਰ ਦਿੱਤੇ ਜਾਂਦੇ ਹਨ ਤੇ ਫਿਰ ਬੱਚਿਆਂ ਦਾ ਲਿਖਤੀ ਟੈਸਟ ਲਿਆ ਜਾਂਦਾ ਹੈ। ਇਸ ਵਿਚ ਸ੍ਰੀ ਗੁਰੂ ਰਵਿਦਾਸ ਜੀ ਦੀ ਜੀਵਨੀ, ਗੁਰਬਾਣੀ ਅਤੇ ਸਦਾਚਾਰ ਸਬੰਧੀ ਪ੍ਰਸ਼ਨ ਪੁੱਛੇ ਜਾਂਦੇ ਹਨ। ਫਿਰ ਇਕ ਸਮਾਗਮ ਕਰਕੇ ਇਨ੍ਹਾਂ ਬੱਚਿਆਂ ਨੂੰ ਸੰਸਥਾ ਵਲੋਂ ਸੁੰਦਰ ਸਰਟੀਫਿਕੇਟ, ਸਨਮਾਨ ਅਤੇ ਤੋਹਫੇ ਦਿੱਤੇ ਜਾਂਦੇ ਹਨ। ਅੱਜ ਤੱਕ ਪਿੰਡ ਗੇਹਲੜਾਂ, ਸ੍ਰੀ ਗੁਰੂ ਰਵਿਦਾਸ ਨਗਰ ਭੋਗਪੁਰ (ਜਲੰਧਰ), ਪਿੰਡ ਭੂੰਦੀਆਂ ਡਾ: ਬਹਿਰਾਮ ਸ਼ਰਿਸ਼ਤਾ (ਜਲੰਧਰ), ਪਿੰਡ ਬਿਨਪਾਲਕੇ (ਜਲੰਧਰ), ਪਿੰਡ ਲੋਹਾਰਾਂ ਚਾਹੜਕੇ (ਜਲੰਧਰ), ਆਦਿ ਪਿੰਡਾਂ ਵਿਚ ਕਲਾਸਾਂ ਲਾ ਕੇ ਲਗਭਗ 200 ਬੱਚਿਆਂ ਨੂੰ ਇਹ ਸਰਟੀਫਿਕੇਟ ਦਿੱਤੇ ਗਏ ਹਨ।

ਅਸੀਂ ਉਨ੍ਹਾਂ ਸ੍ਰੀ ਗੁਰੂ ਰਵਿਦਾਸ ਨਾਮ ਲੇਵਾ ਸੰਗਤ ਦੇ ਵੀ ਧੰਨਵਾਦੀ ਹਾਂ ਜਿਹੜੀਆਂ ਆਪਣੇ ਘਰਾਂ, ਦੁਕਾਨਾਂ ਅਤੇ ਹੋਰ ਅਦਾਰਿਆਂ ਦੀਆਂ ਬਿਲਡਿੰਗਾਂ ਉਤੇ ਸ੍ਰੀ ਗੁਰੂ ਰਵਿਦਾਸ ਜੀ ਦੇ ਜਨਮ ਪੁਰਬ ਦੀ ਖੁਸ਼ੀ ਵਿਚ ਦੀਪ-ਮਾਲਾ ਕਰਦੀਆਂ ਹਨ। ਸਾਰੇ ਸੰਸਾਰ ਦੀ ਸ੍ਰੀ ਗੁਰੂ ਰਵਿਦਾਸ ਨਾਮ ਲੇਵਾ ਸੰਗਤ ਨੂੰ ਬੇਨਤੀ ਹੈ ਕਿ ਸ੍ਰੀ ਗੁਰੂ ਰਵਿਦਾਸ ਜੀ ਦੇ ਜਨਮ ਪੁਰਬ ਦੀ ਖੁਸ਼ੀ ਵਿਚ ਦੀਪ ਮਾਲਾ ਜ਼ਰੂਰ ਕਰਨ। ਧਾਰਮਿਕ ਅਸਥਾਨਾਂ ਤੋਂ ਅਜਿਹੀ ਬੇਨਤੀ ਸੰਗਤ ਨੂੰ ਜ਼ਰੂਰ ਕਰਨੀ ਚਾਹੀਦੀ ਹੈ।

ਸਾਨੂੰ ਸਾਲ ਵਿਚ ਇਕ ਵਾਰ ਕਾਂਸ਼ੀ ਗੁਰੂ ਦੀ ਨਗਰੀ ਜ਼ਰੂਰ ਜਾਣਾ ਚਾਹੀਦਾ ਹੈ। ਇਹ ਪਾਵਨ ਅਸਥਾਨ, ਜਲੰਧਰ ਤੋਂ 1170 ਕਿਲੋਮੀਟਰ ਦੂਰ ਹੈ। ਵਾਰਾਣਸੀ ਤੋਂ ਸ੍ਰੀ ਗੁਰੂ ਰਵਿਦਾਸ ਜੀ ਦਾ ਜਨਮ ਅਸਥਾਨ ਸੀਰ ਗੋਵਰਧਨਪੁਰ 10 ਕਿਲੋਮੀਟਰ ਦੂਰ ਹੈ। ਜਲੰਧਰ ਤੋਂ ਰੇਲਵੇ ਦੀ ਟਿਕਟ ਰਿਜ਼ਰਵ ਕਰਵਾ ਕੇ ਆਸਾਨੀ ਨਾਲ ਪਹੁੰਚਿਆ ਜਾ ਸਕਦਾ ਹੈ। ਇਸ ਸਫ਼ਰ ਲਈ ਲਗਭਗ 30 ਘੰਟੇ ਲੱਗ ਜਾਂਦੇ ਹਨ। ਗੁਰਪੁਰਬ ਦੇ ਸੰਬੰਧ ਵਿਚ ਡੇਰਾ ਸੱਚਖੰਡ ਬੱਲਾਂ ਅਤੇ ਹੋਰ ਡੇਰਿਆਂ ਵਲੋਂ ਗੱਡੀਆਂ ਰਾਹੀਂ ਸੰਗਤਾਂ ਨੂੰ ਦਰਸ਼ਨ-ਦੀਦਾਰੇ ਕਰਵਾਏ ਜਾਂਦੇ ਹਨ। ਜਿਹੜੀ ਸੰਗਤ ਉਥੇ ਜਾ ਕੇ ਨਤਮਸਤਕ ਹੁੰਦੀ ਹੈ, ਉਹ ਵਡਭਾਗੀ ਹੈ। ਇਸ ਅਸਥਾਨ ਦੇ ਦਰਸ਼ਨ ਜ਼ਰੂਰ ਕਰਨੇ ਚਾਹੀਦੇ ਹਨ। ਇੰਝ ਸ੍ਰੀ ਗੁਰੂ ਰਵਿਦਾਸ ਨਾਮ ਲੇਵਾ ਸੰਗਤ ਲਗਾਤਾਰ ਅੱਗੇ ਵਧਦੀ ਹੋਈ ਤਰੱਕੀ ਕਰ ਰਹੀ ਹੈ। ਇਸ ਦੀ ਸਾਨੂੰ ਖੁਸ਼ੀ ਹੈ।

ਸੰਗਤਾਂ ਦਾ ਦਾਸ

ਰਛਪਾਲ ਸਿੰਘ ਬੱਧਣ (ਪ੍ਰਧਾਨ)

ਐਨ. ਬੀ. 180, ਪ੍ਰੀਤ ਨਗਰ, ਸੋਢਲ ਰੋਡ, ਜਲੰਧਰ।

ਫ਼ੋਨ : 0181-2490309, ਮੋਬਾਈਲ : 94176-10120

## ਅਸੀਂ ਧੰਨਵਾਦੀ ਹਾਂ

ਇਸ ਪੰਫਲਿਟ 'ਪ੍ਰੇਮ ਕੀ ਜੇਵਰੀ' ਦੀ ਛਪਾਈ ਲਈ ਕੁਲ ਖ਼ਰਚਾ ਸ੍ਰੀ ਗੁਰੂ ਰਵਿਦਾਸ ਨਾਮ ਲੇਵਾ ਸੰਗਤ ਵੈਨਕੂਵਰ, ਬੀ. ਸੀ. ਕੈਨੇਡਾ ਵਲੋਂ ਬਲਬੀਰ ਹੀਰ, ਤੇਜਪਾਲ ਗੰਗੜ, ਮੁੱਗੋਵਾਲ, ਗੁਰਮੁਖ ਸਿੰਘ ਸਿੱਧੂ ਅਤੇ ਕੁਲਵੰਤ ਸਿੰਘ ਮਹੇ ਰਾਹੀਂ ਭੇਜਿਆ ਗਿਆ ਹੈ। ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ:) ਇਨ੍ਹਾਂ ਸੰਗਤਾਂ ਦੀ ਧੰਨਵਾਦੀ ਹੈ।

ਹੇਠ ਲਿਖੇ ਹੋਰ ਗੁਰੂ ਪ੍ਰੇਮੀਆਂ ਵਲੋਂ ਇਨ੍ਹਾਂ ਧਾਰਮਿਕ ਕਾਰਜਾਂ ਵਾਸਤੇ ਮਾਇਆ ਭੇਜੀ ਗਈ ਹੈ :

1. ਇਸ ਮਹਾਂਕੁੰਭ ਵਿਚ ਗੁਪਤ ਸੇਵਾ — 50 ਡਾਲਰ
2. ਸ: ਗੁਰਪ੍ਰੀਤ ਸਿੰਘ, ਸਪੁੱਤਰ ਸ: ਜਰਨੈਲ ਸਿੰਘ<br>ਪਿੰਡ ਝਾਵਾਂ, ਨੇੜੇ ਟਾਂਡਾ, ਜ਼ਿਲ੍ਹਾ ਹੁਸ਼ਿਆਰਪੁਰ — 650 ਰੁਪਏ
3. ਸ੍ਰੀ ਅਰੁਨ ਮਿਨਹਾਸ ਸਪੁੱਤਰ ਸ: ਰਘਵੀਰ ਸਿੰਘ<br>ਪਿੰਡ ਪੰਡੋਰੀ ਬਘੇਲ ਸਿੰਘ, ਨੇੜੇ ਮੁਕੇਰੀਆਂ, ਜ਼ਿਲ੍ਹਾ ਹੁਸ਼ਿਆਰਪੁਰ — 650 ਰੁਪਏ
4. ਸ: ਅਮਰੀਕ ਸਿੰਘ ਸਪੁੱਤਰ ਸ੍ਰੀ ਪ੍ਰਕਾਸ਼ ਰਾਮ<br>ਪਿੰਡ ਬਿਨਪਾਲਕੇ, ਜ਼ਿਲ੍ਹਾ ਜਲੰਧਰ (ਹੁਣ ਡੁੱਬਈ) — 700 ਰੁਪਏ

# ਸ੍ਰੀ ਗੁਰੂ ਰਵਿਦਾਸ ਜੀ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਗੋਸ਼ਟੀਆਂ

*—ਲੇਖ ਰਾਜ ਪ੍ਰਵਾਨਾ*

ਇਹ ਤੱਥ ਇਤਿਹਾਸਕ ਤੌਰ 'ਤੇ ਸਾਬਤ ਹੋ ਚੁੱਕਾ ਹੈ ਕਿ ਬਾਬਾ ਨਾਨਕ ਦੇਵ ਜੀ ਸੰਤ ਰਵਿਦਾਸ ਜੀ ਤੋਂ ਪਹਿਲਾਂ ਜੋਤੀ-ਜੋਤ ਸਮਾ ਗਏ ਸਨ। 'ਸੰਤ ਰਵਿਦਾਸ ਜੀ (ਸੰਮਤ 1433-1584) 151 ਵਰ੍ਹਿਆਂ ਦੇ ਹੋ ਕੇ ਜੋਤੀ-ਜੋਤਿ ਸਮਾਏ ਸਨ। ਬਾਬਾ ਨਾਨਕ ਜੀ 70 ਵਰ੍ਹੇ, 5 ਮਹੀਨੇ ਅਤੇ 3 ਦਿਨਾਂ ਦੀ (1526-1596) ਆਯੂ ਭੋਗ ਕੇ ਅਕਾਲਪੁਰਖ ਸੰਗ ਸਦੀਵੀ ਤੌਰ 'ਤੇ ਜਾ ਮਿਲੇ ਸਨ। ਇਸ ਸਮੇਂ ਵਿਚ ਗੁਰੂ ਨਾਨਕ ਸਾਹਿਬ ਦੀਆਂ ਸੰਤ ਰਵਿਦਾਸ ਜੀ ਨਾਲ ਤਿੰਨ ਮੁਲਾਕਾਤਾਂ ਹੋਈਆਂ ਦੱਸੀਆਂ ਜਾਂਦੀਆਂ ਹਨ।

ਪਹਿਲੀ ਗੋਸ਼ਟੀ ਚੂੜਕਾਣੇ (ਨਨਕਾਣਾ ਸਾਹਿਬ) ਵਿਖੇ ਉਦੋਂ ਹੋਈ, ਜਦੋਂ ਗੁਰੂ ਨਾਨਕ ਸਾਹਿਬ ਅਜੇ ਕਿਸ਼ੋਰ ਅਵਸਥਾ ਵਿਚ ਸਨ। ਪੰਜ ਸੰਤ : ਕਬੀਰ, ਤ੍ਰਿਲੋਚਨ, ਰਵਿਦਾਸ, ਸੈਨ ਅਤੇ ਧੰਨਾ ਧਰਮ ਪ੍ਰਚਾਰ ਹਿੱਤ ਪੰਜਾਬ ਆਏ ਸਨ। ਗੁਰੂ ਨਾਨਕ ਦੇਵ ਜੀ ਨੇ ਜਿਹੜੇ ਵੀਹ ਰੁਪਏ ਆਪਣੇ ਪਿਤਾ ਮਹਿਤਾ ਕਾਲੂ ਜੀ ਪਾਸੋਂ ਵਪਾਰ ਲਈ ਪ੍ਰਾਪਤ ਕੀਤੇ ਸਨ, ਉਹ ਇਨ੍ਹਾਂ ਸੰਤਾਂ ਦੀ ਸੇਵਾ 'ਤੇ ਹੀ ਲਾ ਕੇ ਸੱਚਾ ਸੌਦਾ ਕੀਤਾ ਸੀ ਤੇ ਸੰਤਾਂ ਦਾ ਆਸ਼ੀਰਵਾਦ ਪ੍ਰਾਪਤ ਕੀਤਾ ਸੀ। ਬਾਬਾ ਜੀ ਜਾਣੀ-ਜਾਣ ਸਨ। ਉਨ੍ਹਾਂ ਨੇ ਸੰਤਾਂ ਅੰਦਰ ਜ਼ਰੂਰ ਕੋਈ ਸਾਤਵਿਕ ਤੇ ਆਤਮਕ ਸ਼ਕਤੀ ਦੇਖੀ ਹੋਵੇਗੀ, ਜਿਸ ਤੋਂ ਪ੍ਰਭਾਵਤ ਹੋ ਕੇ ਉਨ੍ਹਾਂ ਨੇ ਸੰਤਾਂ ਦੀ ਸੇਵਾ ਕੀਤੀ। ਪਿਤਾ ਕਾਲੂ ਜੀ ਨੂੰ ਜਦੋਂ ਪਤਾ ਲੱਗਾ ਕਿ ਇਨ੍ਹਾਂ ਸੰਤਾਂ ਵਿਚ ਨੀਚ ਜਾਤੀ ਨਾਲ ਸੰਬੰਧ ਰੱਖਣ ਵਾਲੇ ਵੀ ਹਨ ਤਾਂ ਲੋਕ-ਲਾਜ ਦੇ ਮਾਰੇ ਉਨ੍ਹਾਂ ਨੇ ਬਾਬਾ ਜੀ ਦੇ ਥੱਪੜ ਮਾਰੇ ਤੇ ਝਿੜਕਿਆ ਕਿ "ਰਵਿਦਾਸ-ਕਬੀਰ ਨੀਚੀ ਜਾਤੀ ਦੇ ਹਨ, ਤੂੰ ਉਨ੍ਹਾਂ ਨਾਲ ਕਿਉਂ ਸ਼ਿਸ਼ਟਾਚਾਰ ਵਧਾਇਆ ਹੈ?" ਬਾਬਾ ਜੀ ਨੇ ਨਿਝੱਕ ਹੋ ਕੇ ਸਪੱਸ਼ਟ ਉੱਤਰ ਦਿੱਤਾ ਸੀ ਤੇ ਜਾਤ-ਪਾਤ ਦਾ ਖੰਡਨ ਕਰਦਿਆਂ ਨਿਧੜਕ ਹੋ ਕੇ ਆਖਿਆ ਸੀ :

ਨੀਚਾ ਅੰਦਰਿ ਨੀਚੁ ਜਾਤਿ ਨੀਚੀ ਹੂ ਅਤਿ ਨੀਚ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥

ਦੂਜੀ ਗੋਸ਼ਟੀ ਬਾਬਾ ਜੀ ਨਾਲ ਸੰਤ ਰਵਿਦਾਸ ਜੀ ਦੀ ਉਸ ਸਮੇਂ ਹੋਈ ਜਦੋਂ ਸੰਤ ਰਵਿਦਾਸ ਜੀ ਆਪਣੇ ਹੋਰ ਸੰਤ-ਸਾਥੀਆਂ ਨਾਲ ਉੱਤਰੀ ਭਾਰਤ ਦਾ ਦੌਰਾ ਕਰਦੇ-ਕਰਦੇ ਬਾਰ੍ਹਾਂ ਵਰ੍ਹੇ ਬਾਅਦ ਦੁਬਾਰਾ ਪੰਜਾਬ ਆਏ ਸਨ। ਆਪਣੇ ਮਿੱਤਰਾਂ, ਸ਼ਰਧਾਲੂਆਂ, ਸੰਤਾਂ, ਭਗਤਾਂ ਨੂੰ ਮਿਲਦੇ-ਮਿਲਾਂਦੇ ਉਹ ਸੁਲਤਾਨਪੁਰ ਪੁੱਜੇ। ਸੰਤਘਾਟ ਗੁਰਦੁਆਰੇ ਵਾਲੇ ਸਥਾਨ 'ਤੇ ਸੰਤ ਸਮਾਗਮ ਹੋਣਾ ਨਿਯਤ ਸੀ।

ਬਾਬਾ ਨਾਨਕ ਦੇਵ ਜੀ ਦਾ ਜੀਜਾ ਜੈ ਰਾਮ ਤੇ ਭੈਣ ਬੇਬੇ ਨਾਨਕੀ ਨਾਨਕ ਜੀ ਦਾ ਬਹੁਤ ਖਿਆਲ ਰੱਖਦੇ ਸਨ ਕਿ ਉਹ ਘਰ-ਬਾਰ ਛੱਡ ਕੇ ਕਿਤੇ ਸੰਨਿਆਸੀ ਹੀ ਨਾ ਹੋ ਜਾਣ। ਸੁਲਤਾਨਪੁਰ ਦਾ ਬੇਰ ਸਾਹਿਬ ਗੁਰਦੁਆਰਾ ਉਸ ਸਮੇਂ ਹੋਂਦ ਵਿਚ ਨਹੀਂ ਸੀ, ਪਰ ਬੇਈਂ ਨਦੀ ਉਥੇ ਵਹਿੰਦੀ ਸੀ। ਗੁਰੂ ਨਾਨਕ ਸਾਹਿਬ ਦੇ ਇਸ ਨਦੀ ਵਿਚ ਟੁੱਬੀ ਮਾਰਨ ਨਾਲ ਇਸ ਨਦੀ ਦਾ ਮਾਣ-ਇੱਜ਼ਤ ਬਣ ਗਿਆ। ਇਸ ਜਗ੍ਹਾ ਤੋਂ ਤਿੰਨ ਕੁ ਮੀਲ ਉੱਤਰ ਵੱਲ ਕਪੂਰਥਲਾ-ਸੁਲਤਾਨਪੁਰ ਸੜਕ 'ਤੇ ਸੰਤ-ਘਾਟ ਗੁਰਦੁਆਰਾ ਵਿਖੇ, ਜੋ ਬੇਈਂ ਨਦੀ ਦੇ ਬਿਲਕੁਲ ਕੰਢੇ

'ਤੇ ਸਥਿਤ ਹੈ ਅਤੇ ਜਿਸਦੀ ਇਮਾਰਤ ਅਜੇ ਵੀ ਅਧੂਰੀ ਪਈ ਹੈ (ਜਿਥੇ ਭਾਈ ਊਧਮ ਸਿੰਘ 30 ਕੁ ਸਾਲ ਪਹਿਲਾਂ ਛੱਡ ਗਏ ਸਨ, ਉਸੇ ਹਾਲਤ ਵਿਚ ਹੈ) ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਵਾਰੀ ਸੁਸ਼ੋਭਿਤ ਹੈ, ਚੁੱਭੀ ਮਾਰਨ ਤੋਂ ਬਾਅਦ ਗੁਰੂ ਨਾਨਕ ਦੇਵ ਜੀ ਪ੍ਰਗਟ ਹੋਏ ਸਨ ਇਥੇ ਪਹਿਲਾਂ ਗੁਰਦੁਆਰਾ ਨਹੀਂ ਸੀ, ਸਮਾਧਾਂ ਦੱਸੀਆਂ ਗਈਆਂ ਹਨ। ਸਮਾਧਾਂ ਅਜੇ ਵੀ ਹਨ, ਪਰ ਉਹ ਥੋੜ੍ਹਾ ਦੂਰ ਸੁਲਤਾਨਪੁਰ ਸ਼ਹਿਰ ਵੱਲ ਨੂੰ ਹਨ। ਬਾਬਾ ਜੀ ਨੂੰ ਇਕੱਲਿਆਂ ਬਾਹਰ ਘੱਟ ਭੇਜਿਆ ਜਾਂਦਾ ਸੀ। ਭਾਈ ਭਗੀਰਥ, ਜੋ ਉਨ੍ਹਾਂ ਦਾ ਸਹਾਇਕ ਸੀ, ਹਰ ਵੇਲੇ ਬਾਬਾ ਜੀ ਨਾਲ ਹੀ ਰਹਿੰਦਾ ਸੀ। ਸੰਤ ਸਮਾਗਮ ਵਾਲੇ ਦਿਨ ਗੱਲਾਂ ਕਰਦੇ-ਕਰਦੇ ਬਹਾਨੇ ਨਾਲ ਬੇਰ ਸਾਹਿਬ ਗੁਰਦੁਆਰੇ ਵਾਲੀ ਜਗ੍ਹਾ 'ਤੇ ਬੇਈਂ ਕਿਨਾਰੇ ਆ ਗਏ। ਕੱਪੜੇ ਉਤਾਰ ਕੇ ਭਾਈ ਭਗੀਰਥ ਜੀ ਨੂੰ ਫੜ੍ਹਾ ਦਿੱਤੇ ਤੇ ਖੁਦ ਲੰਗੋਟੀ ਨਾਲ ਬੇਈਂ ਵਿਚ ਇਸ਼ਨਾਨ ਕਰਨ ਦੇ ਬਹਾਨੇ ਕੁੱਦ ਪਏ ਅਤੇ ਨ੍ਹੇਰੇ ਵਿਚ ਅਲੋਪ ਹੋ ਗਏ। ਗੁਰਦੁਆਰਾ ਬੇਰ ਸਾਹਿਬ ਤੋਂ ਤਿੰਨ ਕਿਲੋਮੀਟਰ ਦੂਰ 'ਸੰਤ-ਘਾਟ' ਗੁਰਦੁਆਰਾ ਹੈ, ਜਿਥੇ ਸਤਿਸੰਗ ਹੋਣਾ ਨਿਸ਼ਚਿਤ ਸੀ, ਸਤਿਸੰਗ ਲਈ ਪਹੁੰਚ ਗਏ ਸਨ। ਇਹ ਪਹਿਲਾਂ ਵਾਲੇ ਹੀ ਸੰਤ ਸਨ, ਜੋ ਪੰਜਾਬ ਵਿਚ ਆਪਣੇ ਮਿਸ਼ਨ ਦਾ ਪ੍ਰਚਾਰ ਕਰਨ ਆਏ ਸਨ। ਇਨ੍ਹਾਂ ਪੰਜਾਂ ਸੰਤਾਂ ਵਿਚ ਗੁਰੂ ਰਵਿਦਾਸ ਜੀ ਵੀ ਸਨ। ਇਸੇ ਸੰਤ ਸਮਾਗਮ ਵਿਚ ਮਾਲੂਮ ਹੁੰਦਾ ਹੈ ਕਿ ਸਰਵਸ਼ਕਤੀਮਾਨ, ਨਿਰ-ਆਕਾਰ, ਸਰਵ-ਵਿਆਪਕ ਪ੍ਰਮਾਤਮਾ ਦਾ ਸੰਕਲਪ ਮਿਥਿਆ ਗਿਆ ਹੋਵੇ। ਇਸੇ ਗੁਰਦੁਆਰੇ (ਸੰਤ ਘਾਟ) ਦੀ ਦੀਵਾਰ 'ਤੇ ਲੱਗੇ ਬੋਰਡ 'ਤੇ ਲਿਖੇ ਇਨ੍ਹਾਂ ਸ਼ਬਦਾਂ '੧ੴ ਗੁਰਦੁਆਰਾ ਸ੍ਰੀ ਸੰਤ ਘਾਟ ਸਾਹਿਬ ਜੀ। ਇਥੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਸ੍ਰੀ ਬੇਰ ਸਾਹਿਬ ਤੋਂ ਬੇਈਂ ਨਦੀ ਵਿਚ ਟੁੱਬੀ ਲਾ ਕੇ ਤੀਸਰੇ ਦਿਨ ਪ੍ਰਗਟ ਹੋਏ ਅਤੇ ਇਥੇ ਹੀ ਮੂਲ-ਮੰਤਰ ਉਚਾਰਨ ਕੀਤਾ' ਤੋਂ ਸਪੱਸ਼ਟ ਹੈ ਕਿ ਨਿਰੰਕਾਰ ਰੂਪੀ ਪ੍ਰਮਾਤਮਾ ਦੀ ਪ੍ਰਸ਼ੰਸਾ ਵਿਚ 'ਪੱਟੀ' ਨਾਮੀ ਰਚਨਾ ਗੁਰੂ ਨਾਨਕ ਸਾਹਿਬ ਨੇ ਇਸੇ ਵੇਲੇ ਕੀਤੀ ਸੀ ਅਤੇ ਸਾਰ-ਤੱਤ ਇਸ ਤੋਂ ਬਾਅਦ ਮੂਲ ਮੰਤਰ ਦੀ ਸ਼ਕਲ ਵਿਚ ਸਿਰਜਨਾ ਕੀਤੀ ਹੋਵੇਗੀ।

ਤਿੰਨ ਦਿਨਾਂ ਦੇ ਸੰਤ ਸਮਾਗਮ ਵਿਚ ਲਏ ਗਏ ਫੈਸਲੇ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਦੀ ਤਿਆਰੀ ਦਾ ਮੁੱਢ ਵੀ ਇਸੇ 'ਸੰਤ ਘਾਟ' ਗੁਰਦੁਆਰਾ ਵਾਲੇ ਸਥਾਨ ਤੋਂ ਹੀ ਆਰੰਭ ਹੋਇਆ ਦਸਿਆ ਗਿਆ ਹੈ। ਇਸ ਕਥਨ ਦੀ ਪੂਰਤੀ ਸੰਤ ਕਰਤਾਰ ਸਿੰਘ ਜੀ ਨੇ, ਜੋ ਗੁਰਦੁਆਰਿਆਂ ਦੀ ਉਸਾਰੀ ਅਤੇ ਉਨ੍ਹਾਂ ਦੀ ਮੁਰੰਮਤ ਕਰਵਾਉਣ ਅਤੇ ਸਿੱਖ ਇਤਿਹਾਸ ਅਤੇ ਬਾਣੀ ਦੇ ਪ੍ਰਬੀਨ ਬੁਲਾਰੇ ਅਤੇ ਤਰਜਮਾਨ ਮੰਨੇ ਜਾਂਦੇ ਹਨ, ਨੇ ਵੀ ਇਸੇ ਸੰਤ ਸਮਾਗਮ ਦੀ ਸੰਭਾਵਨਾ ਦੀ ਹੋਂਦ ਦੀ ਪੁਸ਼ਟੀ ਗੁਰਦੁਆਰਾ ਬੇਰ ਸਾਹਿਬ, ਸੁਲਤਾਨਪੁਰ, ਮਿਤੀ 31-3-83 ਨੂੰ ਮੇਰੇ ਨਾਲ ਇਕ ਵਿਚਾਰਗੋਸ਼ਟੀ ਵਿਚ ਕੀਤੀ ਸੀ। ਗੁਰੂ ਨਾਨਕ ਸਾਹਿਬ ਦੀ ਸੰਤਾਂ ਨਾਲ ਇਹ ਦੂਜੀ ਮਿਲਣੀ ਸੀ। ਸੱਚਖੰਡ ਦੇ ਸੰਕਲਪ ਨੂੰ ਵਿਕਾਸ ਇਸੇ ਸਮੇਂ ਮਿਲਿਆ ਸੀ ਅਤੇ ਮੂਲ-ਮੰਤਰ ਦੀ ਰਚਨਾ ਵੀ ਇਸੇ ਜਗ੍ਹਾ ਹੋਈ ਦੱਸੀ ਗਈ ਹੈ।

ਗੁਰੂ ਨਾਨਕ ਦੇਵ ਜੀ ਵੀ ਭਾਰਤੀ ਸਮਾਜ ਦੀ ਬਦਕਿਸਮਤੀ ਤੇ ਗਿਲਾਨੀ ਤੋਂ ਪੂਰੀ ਤਰ੍ਹਾਂ ਵਾਕਫ਼ ਹੋ ਚੁੱਕੇ ਸਨ। ਜਾਤ-ਪਾਤ ਦੇ ਬੰਧਨਾਂ ਅਤੇ ਵਰਨ-ਵਿਵਸਥਾ ਦੁਆਰਾ ਪੈਦਾ ਹੋਈਆਂ ਤੇ ਕੌੜਾ-ਰੂਪ ਧਾਰਨ ਕਰ ਚੁੱਕੀਆਂ ਸਮੱਸਿਆਵਾਂ ਤੋਂ ਵੀ ਚੇਤੰਨ ਹੋ ਚੁੱਕੇ ਸਨ ਤੇ ਬ੍ਰਾਹਮਣਵਾਦ ਦੀ ਪ੍ਰਭੂਸੱਤਾ ਤੇ ਅਜਾਰਾਦਾਰੀ ਤੋਂ ਵੀ ਚੰਗੀ ਤਰ੍ਹਾਂ ਜਾਗ੍ਰਿਤ ਹੋ ਚੁੱਕੇ ਸਨ। ਇਸਤਰੀ ਤੇ ਜ਼ੁਲਮ ਅਤੇ ਰਾਜਿਆਂ ਦੀਆਂ ਜ਼ਬਰਦਸਤ ਗ਼ਲਤ ਕਾਰਗੁਜ਼ਾਰੀਆਂ ਤੋਂ

ਵੀ ਉਹ ਪੂਰੀ ਤਰ੍ਹਾਂ ਸੁਚੇਤ ਸਨ। ਇਸ ਲਈ, ਗੁਰੂ ਨਾਨਕ ਸਾਹਿਬ ਨੇ ਉੱਤਰੀ ਭਾਰਤ ਵਿਚ ਆਪਣੇ ਦੋ ਸਾਥੀਆਂ ਭਾਈ ਬਾਲਾ ਅਤੇ ਮਰਦਾਨਾ ਸਮੇਤ ਉਕਤ ਸਮੱਸਿਆਵਾਂ ਵਿਰੁੱਧ ਸੰਘਰਸ਼ ਕੀਤਾ। ਗੁਰੂ ਸਾਹਿਬਾਨ ਦਾ ਆਸ਼ਾ ਵੀ ਉਹੀ ਸੀ, ਜੋ ਗੁਜਰਾਤ, ਰਾਜਸਥਾਨ, ਯੂ. ਪੀ. ਅਤੇ ਦੱਖਣੀ ਭਾਰਤ ਵਿਚ ਸੰਤਾਂ ਦਾ ਸੀ। ਬ੍ਰਾਹਮਣਵਾਦ ਦੀਆਂ ਧਾਰਮਿਕ ਅਤੇ ਸਮਾਜਕ ਬੇਇਨਸਾਫੀਆਂ ਭਰੇ ਵਤੀਰਿਆਂ ਵਿਰੁੱਧ ਗੁਰੂ ਨਾਨਕ ਸਾਹਿਬ ਨੇ ਬੀੜਾ ਉਠਾਇਆ ਸੀ। ਖੱਤਰੀ, ਵੈਸ਼ ਅਤੇ ਸ਼ੂਦਰ ਅਤੇ ਨਾਰੀ ਚਹੁੰਆਂ ਨੂੰ ਦੁਪਾਸੀਂ ਮਾਰ ਪੈ ਰਹੀ ਸੀ। ਇਕ ਪਾਸੇ ਰਾਜਸੀ ਹਾਕਮ ਇਨ੍ਹਾਂ ਨੂੰ ਨਾਜਾਇਜ਼ ਦਬਾ ਰਹੇ ਸਨ ਅਤੇ ਦੂਜੇ ਪਾਸੇ ਬ੍ਰਾਹਮਣ ਆਪਣੀ ਅਜਾਰਾਦਾਰੀ ਤੇ ਬੌਧਿਕ ਰਾਜ ਕਾਇਮ ਰੱਖਣ ਦੀ ਖਾਤਰ ਜਾਤ-ਪਾਤ, ਵਰਣ-ਭੇਦ ਅਤੇ ਊਚ-ਨੀਚ ਪ੍ਰਣਾਲੀਆਂ ਦੇ ਹੱਥ-ਕੰਢੇ ਵਰਤ ਕੇ ਭਾਰਤੀ ਸਮਾਜ ਨੂੰ ਤਕਸੀਮ ਕਰੀ ਬੈਠੇ ਸਨ। ਗੁਰੂ ਨਾਨਕ ਦੇਵ ਜੀ ਲਈ ਅਜਿਹਾ ਵਾਤਾਵਰਣ ਅਸਹਿ ਸੀ। ਉਨ੍ਹਾਂ ਨੇ ਸੰਤਾਂ ਦੇ ਆਦਰਸ਼ ਨੂੰ ਘੋਖ ਕੇ ਇਹ ਉਚਿਤ ਸਮਝਿਆ ਕਿ ਉੱਤਰੀ ਭਾਰਤ ਵਿਚ ਇਨ੍ਹਾਂ ਸਮਾਜਕ ਬੁਰਾਈਆਂ ਵਿਰੁੱਧ ਆਵਾਜ਼ ਉਠਾਈ ਜਾਵੇ। ਉਹ ਇਹ ਚੰਗੀ ਤਰ੍ਹਾਂ ਸਮਝ ਚੁੱਕੇ ਸਨ ਕਿ ਆਵਾਜ਼ ਸਾਰੇ ਹਿੰਦੁਸਤਾਨ ਵਿਚ ਉਠਣੀ ਚਾਹੀਦੀ ਹੈ। ਇਹ ਆਵਾਜ਼ ਉਠਾਉਣੀ ਗੁਰੂ ਨਾਨਕ ਸਾਹਿਬ ਦਾ ਪ੍ਰਮੁੱਖ ਨਿਸ਼ਾਨਾ ਸੀ।

ਇਸ ਪ੍ਰਯੋਜਨ ਲਈ ਬਾਬਾ ਜੀ ਨੇ ਤੀਜੀ ਗੋਸ਼ਟੀ "ਕਾਸ਼ੀ ਵਿਚ ਗੋਪਾਲਦਾਸ ਦੀ ਬਗੀਚੀ ਵਿਚ, ਜਿਥੇ ਹੁਣ ਗੁਰੂ ਕਾ ਬਾਗ਼ ਗੁਰਦੁਆਰਾ ਹੈ, ਸੰਤ ਕਬੀਰ ਅਤੇ ਸੰਤ ਰਵਿਦਾਸ ਨਾਲ' ਕੀਤੀ ਅਤੇ ਭਗਤੀ ਅੰਦੋਲਨ ਨੂੰ ਮਾਨਵੀ ਹਿੱਤ ਲਈ ਅਤੇ ਸਹੀ ਲੀਹਾਂ 'ਤੇ ਚਲਾਉਣ ਲਈ ਯੋਜਨਾ ਵੀ ਤਿਆਰ ਕੀਤੀ। ਇਸੇ ਯਾਤਰਾ ਸਮੇਂ ਗੁਰੂ ਨਾਨਕ ਸਾਹਿਬ ਨੇ ਸੁਆਮੀ ਰਾਮਾਨੰਦ ਅਤੇ ਸੁਆਮੀ ਸ਼ੰਕਰਾਚਾਰੀਆ ਨਾਲ ਵੀ ਆਤਮਕ ਗਿਆਨ ਸੰਬੰਧੀ ਗੋਸ਼ਟੀਆਂ ਕੀਤੀਆਂ ਅਤੇ ਨਿਰਾਕਾਰ ਰੂਪੀ ਪਰਮ-ਪਿਤਾ ਪ੍ਰਮਾਤਮਾ ਦੀ ਹੋਂਦ, ਸ਼ਕਤੀ, ਲੀਲਾ ਅਤੇ ਸਰਬੰਗੀ ਪਸਾਰ ਵਰਗੇ ਮਲੂਕ ਅਤੇ ਨਾਜ਼ੁਕ ਮਸਲਿਆਂ 'ਤੇ ਵਾਦ-ਵਿਵਾਦ ਕੀਤਾ। ਇਸ ਤੋਂ ਬਾਅਦ ਸੰਤਾਂ ਦੀ ਮਹਿਫ਼ਲ ਵੀ ਲੱਗੀ। ਸੰਤਾਂ ਦੀ ਮਹਿਫ਼ਿਲ ਦੇ ਮੁੱਖ ਸੰਤ ਰਵਿਦਾਸ ਨਾਲ ਸਵਿਸਥਾਰ ਧਾਰਮਿਕ ਅਤੇ ਆਤਮਕ ਮਾਮਲਿਆਂ 'ਤੇ ਵਿਚਾਰ-ਵਟਾਂਦਰਾ ਹੋਇਆ ਅਤੇ ਆਗਾਮੀ ਧਾਰਮਿਕ-ਸਮਾਜਕ ਸਰਗਰਮੀਆਂ ਦੀ ਰੂਪ-ਰੇਖਾ ਇਸੇ ਤੀਜੇ ਸੰਤ-ਸਮਾਗਮ ਵਿਚ ਉਲੀਕੀ ਗਈ। ਹਜ਼ਾਰਾਂ ਦੀ ਗਿਣਤੀ ਵਿਚ ਫਸੇ ਵਹਿਮਾਂ-ਭਰਮਾਂ ਵਿਚੋਂ ਲੋਕਾਂ ਨੂੰ ਕੱਢ ਕੇ ਸੱਚੇ ਨਿਰੰਕਾਰ ਅਕਾਲਪੁਰਖ ਦਾ ਗਿਆਨ ਦਿੱਤਾ। ਉਥੇ ਉਨ੍ਹਾਂ ਦਾ ਅੰਤਰਿਮ ਤੌਰ 'ਤੇ ਸਮਾਜਕ ਨਾ-ਬਰਾਬਰੀ ਵਿਰੁੱਧ ਪ੍ਰਚਾਰ ਕਰਨਾ ਅਤੇ "ਏਕਸ ਪਿਤਾ ਏਕਸ ਕੇ ਹਮ ਬਾਰਕ" ਨਾਮੀ ਮਹਾਂਵਾਕ ਦੇ ਸੱਚ ਨੂੰ ਸਾਕਾਰ ਕਰਨਾ ਸੀ ਅਤੇ "ਸਰਬਤ ਦਾ ਭਲਾ" ਸਿਧਾਂਤ ਨੂੰ ਅਮਲੀ ਰੂਪ ਵਿਚ ਲਿਆ ਕੇ ਸੀਮਤ ਸਗੁਣ ਪ੍ਰਮਾਤਮਾ ਦੀਆਂ ਹੱਦਾਂ ਨੂੰ ਖੋਲ੍ਹਣਾ ਸੀ। ਇਹ ਗੋਸ਼ਟੀਆਂ ਬੇਹੱਦ ਭਾਵ-ਮੂਲਕ ਸਨ। ਸੰਤ ਰਵਿਦਾਸ ਜੀ ਦਾ ਆਦਰਸ਼ ਪਖੰਡ ਵਿਚ ਫਸੇ ਵਿਦਵਾਨਾਂ, ਸੰਤਾਂ, ਸਿੱਧਾਂ, ਮਹਾਤਮਾਵਾਂ ਅਤੇ ਬ੍ਰਾਹਮਣਾਂ ਨੂੰ ਸਹੀ-ਨੂਰੀ-ਰਾਹ ਵਿਖਾਉਣਾ ਸੀ। ਇਸੇ ਮਨੋਰਥ ਦੀ ਸਹਿਕਾਰਤਾ ਅਤੇ ਸਮਰਥਨ ਦੀ ਪੁਸ਼ਟੀ ਲਈ, ਗੁਰੂ ਨਾਨਕ ਸਾਹਿਬ ਬਨਾਰਸ ਵਿਖੇ ਤਤਕਾਲੀ ਸਮਾਜਕ ਬੰਧਨਾਂ ਨੂੰ ਤੋੜ ਕੇ ਸੰਤਾਂ ਨੂੰ ਮਿਲੇ ਅਤੇ ਸੰਤ ਰਵਿਦਾਸ ਨਾਲ ਸਰਬ-ਸਾਂਝੇ ਮਾਮਲਿਆਂ 'ਤੇ ਵਿਚਾਰ-ਵਟਾਂਦਰਾ ਹੋਇਆ, ਇਸ ਸਮਾਗਮ ਵਿਚ ਧਾਰਮਿਕ, ਸਮਾਜਕ ਅਤੇ ਰਾਜਸੀ ਮਸਲਿਆਂ 'ਤੇ ਵੀ ਵਿਚਾਰ ਹੋਇਆ। ਜਿਸ ਵਿਚ ਸ਼ੂਦਰਾਂ ਅਤੇ ਇਸਤਰੀ ਵਰਗ ਦੀ ਆਜ਼ਾਦੀ ਅਤੇ ਉਸ ਦੀ ਉੱਚਤਾ ਅਤੇ ਸਮਾਜ

ਵਿਚ ਬਰਾਬਰ ਦੇ ਸਥਾਨ ਦਿਵਾਉਣਾ, ਸਮਾਜਕ ਨਾ-ਬਰਾਬਰੀ ਅਤੇ ਬੇਇਨਸਾਫੀ ਵਿਰੁੱਧ ਅੰਦੋਲਨ ਕਰਨ ਅਤੇ ਤਤਕਾਲੀਨ ਰਾਜਸੱਤਾ ਦੇ ਜ਼ੁਲਮਾਂ ਵਿਰੁੱਧ ਸੰਘਰਸ਼ ਕਰਨ ਦਾ ਫੈਸਲਾ ਕੀਤਾ ਗਿਆ ਸੀ। *(ਪੁਸਤਕ 'ਗੁਰੂ ਰਵਿਦਾਸ ਜੀਵਨ ਅਤੇ ਕਿਰਤਾਂ-ਇਕ ਵਿਵੇਚਨਾਤਮਿਕ ਅਧਿਐਨ' 'ਚੋਂ ਧੰਨਵਾਦ ਸਹਿਤ)*

# ਕੀ ਇਹੀ ਹਨ ਗੁਰਪੁਰਬ ਮਨਾਉਣ ਦੇ ਉਦੇਸ਼?

*-ਚਰਨਜੀਤ ਸਿੰਘ ਬਿਨਪਾਲਕੇ*

ਗੁਰੂ ਰਵਿਦਾਸ ਜੀ ਦਾ ਗੁਰਪੁਰਬ ਪੂਰੇ ਵਿਸ਼ਵ ਵਿਚ ਬੜੀ ਹੀ ਸ਼ਰਧਾ ਨਾਲ ਮਨਾਇਆ ਜਾਂਦਾ ਹੈ। ਪੰਜਾਬ ਦਾ ਕੋਈ ਵੀ ਪਿੰਡ, ਸ਼ਹਿਰ ਅਜਿਹਾ ਨਹੀਂ ਹੋਵੇਗਾ ਜਿਥੇ ਗੁਰੂ ਰਵਿਦਾਸ ਜੀ ਦਾ ਪੁਰਬ ਨਾ ਮਨਾਇਆ ਜਾਂਦਾ ਹੋਵੇ। ਇਸ ਗੁਰਪੁਰਬ ਮਨਾਉਣ ਦਾ ਕੀ ਉਦੇਸ਼ ਹੈ ਅਤੇ ਅਸੀਂ ਕਿੰਨਾ ਕੁ ਇਸ ਵਿਚ ਕਾਮਯਾਬ ਹੋਏ ਹਾਂ? ਹਰੇਕ ਸਾਲ ਗੁਰੂ ਰਵਿਦਾਸ ਜਨਮ ਅਸਥਾਨ (ਬਨਾਰਸ) ਨੂੰ ਸਪੈਸ਼ਲ ਰੇਡ ਗੱਡੀ ਜਾਂਦੀ ਹੈ। ਪਿਛਲੇ ਸਾਲ ਸੋਨ ਪਾਲਕੀ ਦੀ ਸ਼ੋਭਾ ਯਾਤਰਾ ਨਾਲ ਪੂਰੇ ਵਿਸ਼ਵ ਵਿਚ ਧੁੰਮਾਂ ਪਈਆਂ। ਦੂਸਰੇ ਲੋਕੀਂ ਜ਼ਰੂਰ ਸੋਚਦੇ ਹੋਣਗੇ ਕਿ ਸਾਡੇ ਮਨਾਂ ਵਿਚ ਗੁਰੂ ਸਾਹਿਬ ਪ੍ਰਤੀ ਬੜਾ ਪਿਆਰ ਹੈ ਪਰ ਜੇਕਰ ਸਾਡੇ ਹਿਰਦਿਆਂ ਨੂੰ ਅੰਦਰੋਂ ਝਾਤੀ ਮਾਰਨ ਤਾਂ ਉਹਨਾਂ ਨੂੰ ਨਿਰਾਸ਼ਾ ਹੀ ਪੱਲੇ ਪਵੇਗੀ। ਮੇਰੇ ਖਿਆਲ ਨਾਲ ਇਸ ਨੂੰ ਅਸੀਂ ਇਕ ਲੋਕ-ਦਿਖਾਵਾ ਜਾਂ ਰੀਤੀ-ਰਿਵਾਜ ਹੀ ਬਣਾ ਛੱਡਿਆ ਹੈ। ਇਨ੍ਹਾਂ ਗੁਰਪੁਰਬ ਸਮਾਗਮਾਂ ਤੋਂ ਅਸੀਂ ਕੁਝ ਸਿੱਖਣਾ ਹੈ ਅਤੇ ਇਸ ਨੂੰ ਆਪਣੇ ਜੀਵਨ ਵਿਚ ਢਾਲਣਾ ਹੈ। ਪਰੰਤੂ ਨਾ ਤਾਂ ਇਥੇ ਕੋਈ ਸਿੱਖਣ ਵਾਲਾ ਹੈ ਅਤੇ ਨਾ ਹੀ ਸਿਖਾਉਣ ਵਾਲਾ। ਗੁਰਪੁਰਬ ਆਉਂਦਾ ਹੈ ਅਸੀਂ 20-25 ਦਿਨ ਪਹਿਲਾਂ ਹੀ ਢੋਲਕੀਆਂ, ਛੈਣੇ ਚੁੱਕ ਲੈਂਦੇ ਹਾਂ। ਸਵੇਰੇ ਸ਼ਾਮ ਉੱਚੀ-ਉੱਚੀ "ਜੈ ਗੁਰੂ ਰਵਿਦਾਸ, ਜੈ ਗੁਰੂ ਰਵਿਦਾਸ" ਹੁੰਦੀ ਹੈ। ਪਾਠ ਹੁੰਦੇ ਹਨ, ਨਗਰ-ਕੀਰਤਨ (ਸ਼ੋਭਾ ਯਾਤਰਾ) ਹੁੰਦੀ ਹੈ, ਨੱਚਿਆ-ਟੱਪਿਆ ਜਾਂਦਾ ਹੈ, ਸਮਾਗਮ ਹੁੰਦੇ ਹਨ, ਲੰਗਰ ਲੱਗਦੇ ਹਨ ਪਰ ਪਤਾ ਨਹੀਂ ਖੌਰੇ ਲੰਗਰ ਪਾਣੀ ਹੀ ਜ਼ਿਆਦਾ ਖਾ ਹੋ ਜਾਂਦਾ ਹੈ ਕਿ ਅਸੀਂ ਇਕਦਮ ਸੁਸਰੀ ਵਾਂਗ ਸੌਂ ਜਾਂਦੇ ਹਾਂ ਤੇ ਪੂਰਾ ਸਾਲ ਸੁੱਤੇ ਰਹਿੰਦੇ ਹਾਂ। ਫਿਰ ਕੋਈ ਟਾਵਾਂ-ਟਾਵਾਂ ਹੀ ਆਦਮੀ ਗੁਰੂ ਘਰ ਜਾਂਦਾ ਹੈ ਜਾਂ ਫਿਰ ਉਹ ਜਾਂਦਾ ਹੈ ਜਿਸ ਨੇ ਘਰ ਵਿਆਹ ਦਾ ਜਾਂ ਹੋਰ ਸਮਾਗਮ ਕਰਵਾਉਣਾ ਹੋਵੇ ਜਾਂ ਫਿਰ ਮਰਗ ਹੋਣ 'ਤੇ ਗੁਰਦੁਆਰੇ ਦਰੀ ਆਦਿ ਲੈਣ ਜਾਂਦੇ ਹਾਂ ਤੇ ਇਕ ਫ਼ਖਰ ਜਿਹਾ ਮਹਿਸੂਸ ਕਰਦੇ ਹਾਂ ਕਿ ਮੈਂ ਪਿਛਲੇ ਸਾਲ ਗੁਰਪੁਰਬ ਇਥੇ ਮਨਾਇਆ ਸੀ।

ਸਿਰਫ਼ ਇਹੀ ਨਹੀਂ ਕਿ ਗੁਰੂ ਘਰ ਨਹੀਂ ਆਉਣਾ ਸਗੋਂ ਪੂਰਾ ਸਾਲ ਗੁਰੂ ਰਵਿਦਾਸ ਜੀ ਦਾ ਨਾਮ ਨਹੀਂ ਲੈਣਾ, ਉਨ੍ਹਾਂ ਦੀ ਬਾਣੀ ਵੀ ਨਹੀਂ ਪੜ੍ਹਨੀ। ਫਿਰ ਉਹੀ ਪੁਰਾਣਾ ਨਿਤਨੇਮ ਮੜ੍ਹੀਆਂ-ਮਸਾਣਾਂ ਦੀ ਪੂਜਾ ਕਰਨੀ, ਪਹਾੜਾਂ ਨੂੰ ਚੜ੍ਹ ਗਏ, ਪਿੰਡਾਂ ਵਿਚਲੀਆਂ ਥਾਵਾਂ 'ਤੇ ਚਿਰਾਗ ਕਰਨੇ, ਮੇਲੇ ਕਰਾਉਣੇ, ਬੱਕਰਿਆਂ ਦੀਆਂ ਬਲੀਆਂ ਦੇਣੀਆਂ, ਨਕਲਾਂ ਤੇ ਡਰਾਮੇ ਕਰਾਉਣੇ, ਜਠੇਰਿਆਂ ਦੀ ਪੂਜਾ ਕਰਨੀ, ਬਾਬਿਆਂ ਤੋਂ ਹੱਥ ਹੌਲੇ ਕਰਾਉਣੇ, ਤਾਂਤਰਿਕਾਂ ਤੋਂ ਭੂਤ-ਪ੍ਰੇਤ ਤੇ ਓਪਰੀਆਂ ਕਸਰਾਂ ਕਢਾਉਣੀਆਂ, ਸ਼ੁਭ ਦਿਨ ਕਢਵਾਉਣੇ, ਨਗ ਲੈ ਕੇ ਪਵਾਣੇ, ਪੁੱਛਾਂ ਪੁਆਣੀਆਂ, ਮੂਰਤੀ-ਪੂਜਾ, ਖੀਰਾਂ, ਠੂਠੀਆਂ ਖੁਆਣੀਆਂ, ਵਰਤ ਰੱਖਣੇ ਆਦਿ ਵਹਿਮਾਂ-ਭਰਮਾਂ ਤੇ ਅੰਧ-ਵਿਸ਼ਵਾਸਾਂ ਵਿਚ ਜੁਟ ਜਾਂਦੇ ਹਾਂ। ਸਾਡੇ ਨੌਜੁਆਨਾਂ, ਅਧਖੜਾਂ

ਨੂੰ ਆਪਣੇ ਸਮਾਜ-ਕੌਮ ਆਦਿ ਦੀ ਕੋਈ ਚਿੰਤਾ ਨਹੀਂ, ਬਸ ਕੰਮ-ਕਾਰ ਕੀਤਾ ਜਾਂ ਫਿਰ ਸਾਰੀ ਦਿਹਾੜੀ ਕ੍ਰਿਕਟ ਦੇ ਮੈਚ ਦੇਖੇ, ਤਾਸ਼ਾਂ ਖੇਡੀਆਂ, ਸਾਡੀਆਂ ਬੀਬੀਆਂ ਨੇ ਟੈਲੀਵਿਜ਼ਨ-ਕੇਬਲ 'ਤੇ ਫਿਲਮਾਂ ਜਾਂ ਸੀਰੀਅਲ ਦੇਖੇ ਜਾਂ ਫਿਰ ਗਰਮੀਆਂ ਨੂੰ 10-11 ਵਜੇ ਕੰਮ-ਕਾਰ ਨਿਬੇੜ ਕੇ ਸੌਂ ਗਈਆਂ ਤਾਂ ਸ਼ਾਮ ਤੱਕ ਸੁੱਤੀਆਂ ਹੀ ਰਹੀਆਂ। ਜੇਕਰ ਬਿਜਲੀ ਨਾ ਆਈ ਤਾਂ ਸਾਰੀ ਦਿਹਾੜੀ ਪੱਠੇ-ਦੱਥੇ ਆਦਿ ਧੰਦੇ ਵਿਚ ਹੀ ਲੱਗੇ ਰਹੇ। ਮੁੱਕਦੀ ਗੱਲ ਕਿ ਸਾਰਾ ਸਾਲ ਗੁਰੂ ਰਵਿਦਾਸ ਵਿਚਾਰਧਾਰਾ ਤੇ ਬਾਣੀ ਤੋਂ ਟੁੱਟੇ ਰਹਿੰਦੇ ਹਾਂ ਤੇ ਉਹ ਕਰਮ ਕਰਦੇ ਹਾਂ ਜਿਨ੍ਹਾਂ ਤੋਂ ਗੁਰੂ ਰਵਿਦਾਸ ਜੀ ਨੇ ਸਾਨੂੰ ਵਰਜਿਆ ਹੈ।

ਸੋ ਇਨ੍ਹਾਂ ਸਮਾਗਮਾਂ ਦਾ ਪੂਰਾ ਲਾਹਾ ਲੈਣ ਲਈ ਸਾਨੂੰ ਅਜਿਹੇ ਪ੍ਰਚਾਰਕ ਸੱਦਣੇ ਚਾਹੀਦੇ ਹਨ ਜਿਹੜੇ ਗੁਰੂ ਰਵਿਦਾਸ ਜੀ ਦੀ ਨਿਰੋਲ ਵਿਚਾਰਧਾਰਾ ਬਾਰੇ ਜਾਣੂੰ ਕਰਵਾਉਣ, ਕੇਵਲ ਕੀਰਤਨ ਜਾਂ ਗੀਤਾਂ ਨਾਲ ਨਹੀਂ ਸਰਨਾ ਇਹ ਤਾਂ ਅਸੀਂ ਟੇਪਾਂ ਜਾਂ ਸੀ. ਡੀ. ਦੁਆਰਾ ਵੀ ਸੁਣ ਸਕਦੇ ਹਾਂ। ਅਖੰਡ ਪਾਠਾਂ ਦੀਆਂ ਲੜੀਆਂ ਚੱਲਦੀਆਂ ਹਨ ਲੇਕਿਨ ਕੋਈ ਵੀ ਜਾ ਕੇ ਸੁਣਦਾ ਨਹੀਂ। ਗੁਰੂ ਰਵਿਦਾਸ ਜੀ ਦੀ ਬਾਣੀ ਦਾ ਕਥਾ-ਕੀਰਤਨ ਤੇ ਵਿਚਾਰ ਹੋਣਾ ਚਾਹੀਦਾ ਹੈ। ਪਹਿਲੇ ਦਿਨ ਦਾ ਵਿਸ਼ਾ ਹੋਵੇ ਕਿ ਗੁਰੂ ਰਵਿਦਾਸ ਜੀ ਦੇ ਆਗਮਨ ਤੋਂ ਪਹਿਲਾਂ ਸਾਡੀ ਕੀ ਹਾਲਤ ਸੀ ਤੇ ਹੁਣ ਕੀ ਹੈ? ਅਸੀਂ ਕੀ ਹਾਂ, ਕੌਣ ਹਾਂ, ਸਾਡਾ ਧਰਮ ਕਿਹੜਾ ਹੈ? ਦੂਸਰੇ ਦਿਨ ਦਾ ਵਿਸ਼ਾ ਹੋਵੇ ਕਿ ਗੁਰੂ ਰਵਿਦਾਸ ਜੀ ਦਾ ਜੀਵਨ, ਉਹਨਾਂ ਦੇ ਮਾਤਾ-ਪਿਤਾ, ਪਤਨੀ, ਪੁੱਤਰ, ਉਨ੍ਹਾਂ ਕੀ-ਕੀ ਕੰਮ ਕੀਤੇ, ਕਿੰਨੀਆਂ ਅਤੇ ਕਿਥੇ ਯਾਤਰਾਵਾਂ ਕੀਤੀਆਂ। ਤੀਸਰੇ ਦਿਨ ਦਾ ਵਿਸ਼ਾ ਹੋਵੇ ਗੁਰੂ ਜੀ ਦੀ ਵਿਚਾਰਧਾਰਾ। ਇਸ ਦੇ ਹੋਰ ਅੱਗੋਂ ਅਲੱਗ-ਅਲੱਗ ਸਿਰਲੇਖ ਬਣਾਏ ਜਾ ਸਕਦੇ ਹਨ ਜਿਵੇਂ ਗੁਰੂ ਜੀ ਨੇ ਸਾਨੂੰ ਕਿਹੜੇ-ਕਿਹੜੇ ਕਰਮਾਂ ਦੀ ਮਨਾਹੀ ਕੀਤੀ ਹੈ, ਸਾਡੀਆਂ ਲਾਲਸਾਵਾਂ ਤੇ ਵਿਕਾਰਾਂ ਬਾਰੇ ਕੀ ਉਪਦੇਸ਼ ਹਨ ਤੇ ਕਿਵੇਂ ਬਚਿਆ ਜਾ ਸਕਦਾ ਹੈ? ਫਿਰ ਪ੍ਰਮਾਤਮਾ ਬਾਰੇ ਗੁਰੂ ਜੀ ਦੀ ਕੀ ਵਿਚਾਰਧਾਰਾ ਹੈ, ਪ੍ਰਮਾਤਮਾ ਦੀ ਪੂਜਾ ਕਿਵੇਂ ਹੋ ਸਕਦੀ ਹੈ? ਪ੍ਰਮਾਤਮਾ ਕੀ ਹੈ, ਕਿਥੇ ਹੈ ਤੇ ਕਿਵੇਂ ਪ੍ਰਾਪਤ ਕੀਤਾ ਜਾ ਸਕਦਾ ਹੈ। ਸੋ ਇਹੋ-ਜਿਹੇ ਸਿਰਲੇਖ ਬਣਾ ਕੇ ਚੰਗੇ ਬੁੱਧੀ-ਜੀਵੀ, ਪ੍ਰਚਾਰਕ, ਕਥਾਵਾਚਕ ਤੇ ਰਾਗੀ ਸੱਦਣੇ ਚਾਹੀਦੇ ਹਨ ਤੇ ਗੁਰੂ ਜੀ ਦੀ ਵਿਚਾਰਧਾਰਾ ਤੇ ਸਿਧਾਂਤਾਂ ਅਨੁਸਾਰ ਆਪਣਾ ਜੀਵਨ ਨਿਰਬਾਹ ਕਰਨਾ ਚਾਹੀਦਾ ਹੈ ਤਾਂ ਕਿ ਸਾਡਾ ਜੀਵਨ ਸਫਲ ਹੋ ਸਕੇ।

ਸਾਡਾ ਸਮਾਜ, ਸਾਡੇ ਬੱਚੇ ਨਸ਼ਿਆਂ ਦੀਆਂ ਭੈੜੀਆਂ ਆਦਤਾਂ, ਵਹਿਮਾਂ-ਭਰਮਾਂ, ਅੰਧ-ਵਿਸ਼ਵਾਸਾਂ, ਫ਼ਜ਼ੂਲ ਦੇ ਰੀਤੀ-ਰਿਵਾਜਾਂ ਨੂੰ ਤਿਆਗ ਕੇ ਇਕ ਨਰੋਆ ਸਮਾਜ ਸਿਰਜਣ। ਇਕ ਸਰਬਸਾਂਝੀ ਵਿਚਾਰਧਾਰਾ ਹੇਠ ਇਕੱਠੇ ਹੋ ਕੇ ਪੰਜਾਬ ਅਤੇ ਭਾਰਤ ਦੇ ਦੂਸਰੇ ਰਾਜਾਂ ਵਿਚ ਗਰੀਬੀ, ਅਨਪੜ੍ਹਤਾ, ਲਾਚਾਰੀ, ਛੂਆ-ਛਾਤ, ਜਾਤ-ਪਾਤ ਦੀ ਭੱਠੀ ਦਾ ਸੇਕ ਸਹਿੰਦੇ ਆਪਣੇ ਭਰਾਵਾਂ ਲਈ ਕੁਝ ਕਰਨ। o

---

## ਇਕ ਜ਼ਰੂਰੀ ਬੇਨਤੀ

ਸਾਧ ਸੰਗਤ ਜੀਓ! ਬੇਨਤੀ ਹੈ ਕਿ ਇਸ ਪੰਫਲਿਟ ਨੂੰ ਆਪ ਪੜ੍ਹ ਕੇ ਦੂਸਰਿਆਂ ਨੂੰ ਪੜ੍ਹਨ ਲਈ ਦਿਓ। ਸੂਝਵਾਨ ਪਾਠਕ ਸਾਡੇ ਨਾਲ ਚਿੱਠੀ ਪੱਤਰ ਜ਼ਰੂਰ ਕਰਨ। ਜੇ ਕੋਈ ਸੁਝਾਅ ਸਾਨੂੰ ਦੇਣਾ ਚਾਹੇ ਤਾਂ ਸੰਸਥਾ ਉਸ 'ਤੇ ਵਿਚਾਰ ਕਰੇਗੀ।

# ਬੇਗਮਪੁਰਾ ਸਾਹਿਬ

—ਮਹਿੰਦਰ ਸੰਧੂ ਮਹੇੜੂ

ਕਿਸੇ ਵੀ ਰਹਿਬਰ ਦੇ ਇਤਿਹਾਸਕ ਅਸਥਾਨਾਂ ਵਿਚ ਸਭ ਤੋਂ ਮੁੱਖ ਹੁੰਦਾ ਹੈ ਉਨ੍ਹਾਂ ਦਾ ਜਨਮ-ਅਸਥਾਨ। ਫਿਰ ਜਦੋਂ ਅਜਿਹੇ ਰਹਿਬਰ ਦੀ ਗੱਲ ਕਰੀਏ ਜਿਨ੍ਹਾਂ ਨੇ ਹਿੰਦੁਸਤਾਨ ਦੀਆਂ ਰੂੜ੍ਹੀਵਾਦੀ ਤੇ ਮਨੁੱਖਤਾ ਮਾਰੂ ਪਰੰਪਰਾਵਾਂ ਜਿਹੜੀਆਂ ਹਜ਼ਾਰਾਂ ਸਾਲਾਂ ਤੋਂ ਚਲਦੀਆਂ ਆ ਰਹੀਆਂ ਹਨ, ਨੂੰ ਰੱਦ ਕਰਕੇ ਇਸ ਦੀ ਥਾਂ 'ਤੇ ਸਰਬ-ਸਾਂਝੀਵਾਲਤਾ ਦੀ ਵਿਚਾਰਧਾਰਾ ਦਿੱਤੀ ਹੋਵੇ, ਦੇ ਜਨਮ ਅਸਥਾਨ ਦੀ ਮਨ ਵਿਚ ਤਾਂਘ ਪੈਦਾ ਹੁੰਦੀ ਹੈ ਕਿ ਅਜਿਹੇ ਮਹਾਨ ਰਹਿਬਰ ਦੇ ਪਾਵਨ ਜਨਮ ਅਸਥਾਨ ਦੇ ਦਰਸ਼ਨ ਜ਼ਰੂਰ ਕੀਤੇ ਜਾਣ। ਉਹ ਕਿਹੜਾ ਭਾਗਾਂ ਭਰਿਆ ਸਥਾਨ ਹੈ ਜਿਥੇ ਇਕ ਮਹਾਨ ਕ੍ਰਾਂਤੀਕਾਰੀ ਸਤਿਗੁਰੂ ਦਾ ਜਨਮ ਹੋਇਆ। ਦੁਨੀਆਂ 'ਤੇ ਬਹੁਤ ਸਾਰੇ ਕ੍ਰਾਂਤੀਕਾਰੀ ਪੈਦਾ ਹੋਏ ਲੇਕਿਨ ਉਨ੍ਹਾਂ ਉੱਪਰ ਅਜਿਹੀਆਂ ਸਮਾਜਿਕ, ਧਾਰਮਿਕ ਤੇ ਰਾਜਸੀ ਬੰਦਸ਼ਾਂ ਨਹੀਂ ਸਨ ਜਿਹੜੀਆਂ ਗੁਰੂ ਰਵਿਦਾਸ ਜੀ ਉੱਪਰ ਸਨ। ਸ੍ਰੀ ਗੁਰੂ ਰਵਿਦਾਸ ਜੀ ਤਾਂ ਪੈਦਾ ਹੀ ਇਸ ਸਮਾਜ ਵਿਚ ਹੋਏ ਜਿਹੜੀਆਂ ਜਾਤ-ਪਾਤ, ਛੂਆ-ਛੂਤ ਦੀਆਂ ਜੰਜ਼ੀਰਾਂ ਵਿਚ ਜਕੜਿਆ ਪਿਆ ਸੀ। ਅਜਿਹਾ ਸਮਾਜ ਜਿਸਨੂੰ ਜਨਮ ਜਨਮ ਤੋਂ ਲੈ ਕੇ ਅੰਤ ਤੱਕ ਅਖੌਤੀ ਉੱਚ ਜਾਤੀਆਂ ਦੀ ਸੇਵਾ ਕਰਨ ਤੇ ਬਦ ਤੋਂ ਬਦਤਰ ਜੀਵਨ ਬਤੀਤ ਕਰਨ ਦਾ ਹੁਕਮ ਸੀ। ਇਹ ਸਮਾਜ ਨਾ ਤਾਂ ਚੰਗਾ ਖਾ-ਪੀ ਸਕਦਾ ਸੀ, ਨਾ ਪੜ੍ਹ-ਲਿਖ ਸਕਦਾ ਸੀ, ਨਾ ਹੀ ਇਸਨੂੰ ਕੋਈ ਗੱਲ ਕਰਨ ਦਾ ਅਧਿਕਾਰ ਸੀ। ਉਲਟਾ ਇਸ ਨੂੰ ਵੱਧ ਤੋਂ ਵੱਧ ਜ਼ਲੀਲ ਤੇ ਬੇਇੱਜ਼ਤ ਕੀਤਾ ਜਾਂਦਾ ਸੀ। ਇਸ ਸਮਾਜ ਦੇ ਲੋਕਾਂ ਦੇ ਪਰਛਾਵੇਂ ਤੋਂ ਵੀ ਉੱਚ ਜਾਤੀਏ ਭਿੱਟੇ ਜਾਂਦੇ ਸਨ। ਸੋ ਇਹੋ ਜਿਹੇ ਸਮਾਜ ਤੇ ਅਜਿਹੇ ਹਾਲਤਾਂ ਵਿਚ ਪੈਦਾ ਹੋ ਕੇ ਵਿਸ਼ਵਕ੍ਰਾਂਤੀ ਤੇ ਵਿਸ਼ਵ ਧਰਮ ਦੀ ਵਿਚਾਰਧਾਰਾ ਪ੍ਰਦਾਨ ਕਰਨੀ ਤੇ ਇਸ ਦਾ ਇੰਨਾ ਲਾਹਾ ਹੋਣਾ ਕੇਵਲ ਗੁਰੂ ਰਵਿਦਾਸ ਜੀ ਦੇ ਹਿੱਸੇ ਆਇਆ ਹੈ। ਗੁਰੂ ਰਵਿਦਾਸ ਜੀ ਵਿਸ਼ਵ ਧਰਮ, ਵਿਸ਼ਵ ਕ੍ਰਾਂਤੀ ਤੇ ਸਭੋ-ਸਾਂਝੀਵਾਲਤਾ ਦੇ ਮਹਾਨ ਸਿਰਜਕ ਸਨ।

ਅਜਿਹੇ ਰਹਿਬਰ ਦਾ ਜਨਮ ਅਤੇ ਵਿਕਾਸ ਕਿਸੇ ਲੁਕੀ ਛਿਪੀ ਜਗ੍ਹਾ 'ਤੇ ਨਹੀਂ ਹੋਇਆ ਸਗੋਂ ਉਨ੍ਹਾਂ ਦਾ ਜਨਮ ਊਚ-ਨੀਚ, ਛੂਆ-ਛਾਤ, ਛਲ-ਕਪਟ ਦੇ ਮਹਿਲ ਸਿਰਜਣ ਵਾਲੇ ਬ੍ਰਾਹਮਣਾਂ ਦੇ ਗੜ੍ਹ ਬਨਾਰਸ ਵਿਚ ਹੋਇਆ। ਗੁਰੂ ਸਾਹਿਬ ਦੇ ਆਉਣ ਨਾਲ ਇਹ ਧਰਤੀ ਪਵਿੱਤਰ ਹੋ ਗਈ ਤੇ ਇਥੇ ਵਿਸ਼ਵ ਵਿਚਾਰਧਾਰਾ ਦੀ ਉਤਪਤੀ ਹੋਈ। ਇਥੇ ਦੀਆਂ ਬ੍ਰਾਹਮਣੀ ਤਾਕਤਾਂ ਨੇ ਇਸ ਵਿਚਾਰਧਾਰਾ ਨੂੰ ਦਬਾਉਣ ਦੀਆਂ ਬੇਸ਼ੁਮਾਰ ਕੋਸ਼ਿਸ਼ਾਂ ਕੀਤੀਆਂ ਪਰ ਉਹ ਅਭਿਮਾਨੀ ਸਫ਼ਲ ਨਾ ਹੋ ਸਕੇ। ਆਖਿਰਕਾਰ ਇਹ ਵਿਸ਼ਵ ਵਿਚਾਰਧਾਰਾ ਪੂਰੀ ਦੁਨੀਆਂ ਤੱਕ ਪਹੁੰਚ ਗਈ। ਅੱਜ ਵੀ ਬ੍ਰਾਹਮਣੀ ਤਾਕਤਾਂ ਇਸ ਨੂੰ ਖ਼ਤਮ ਕਰਨ ਦੀਆਂ ਅਸਫਲ ਕੋਸ਼ਿਸ਼ਾਂ ਕਰ ਰਹੀਆਂ ਹਨ।

ਸੋ ਇਸ ਮਹਾਨ ਹਸਤੀ ਦਾ ਉਦੈ ਬਨਾਰਸ ਦੀ ਭਾਗਾਂ ਭਰੀ ਧਰਤੀ ਸੀਰ ਗੋਵਰਧਨਪੁਰ ਵਿਖੇ ਮਾਘ ਦੀ ਪੂਰਨਮਾਸ਼ੀ, ਪਿਤਾ ਸਤਿਕਾਰਯੋਗ ਸੰਤੋਖ ਦਾਸ ਜੀ ਮਾਤਾ ਆਦਰਯੋਗ ਕਲਸਾਂ ਦੇਵੀ ਜੀ ਦੀ ਪਵਿੱਤਰ ਕੁਖੋਂ ਹੋਇਆ। ਇਹ ਅਸਥਾਨ ਹਿੰਦੂ ਯੂਨੀਵਰਸਿਟੀ ਦੇ ਪੱਛਮੀ ਦਰਵਾਜ਼ੇ 'ਤੇ ਹੈ। ਇਹ ਬਨਾਰਸ ਰੇਲਵੇ ਸਟੇਸ਼ਨ ਤੋਂ 10-12 ਕਿਲੋਮੀਟਰ ਦੂਰ ਹੈ। ਡੇਰਾ ਸੱਚ ਖੰਡ ਬੱਲਾਂ ਦੇ ਬਾਨੀ ਬ੍ਰਹਮ ਗਿਆਨੀ ਸੰਤ ਸਰਵਣ ਦਾਸ ਜੀ ਮਹਾਰਾਜ ਨੇ ਇਸਦੀ ਖੋਜ ਕਰਵਾਈ। ਹੁਣ ਇਥੇ ਗੁਰੂ ਸਾਹਿਬ ਦੀ ਯਾਦਗਾਰ ਵਿਚ ਸੁੰਦਰ ਸੋਨੇ ਦੇ ਕਲਸ਼ਾਂ ਵਾਲਾ ਪੰਜ ਮੰਜ਼ਿਲਾਂ ਗੁਰੂ ਘਰ ਬਣਿਆ ਹੋਇਆ ਹੈ। ਇਥੇ ਇਮਲੀ ਦਾ ਪਵਿੱਤਰ ਬੂਟਾ ਵੀ ਹੈ ਜਿਸ ਹੇਠਾਂ ਬੈਠ ਕੇ ਗੁਰੂ ਸਾਹਿਬ ਆਪਣੀ ਕਿਰਤ ਕਰਿਆ ਕਰਦੇ ਸਨ। ਇਸਦੇ ਨਾਲ ਹੀ ਵਿਸ਼ਾਲ

ਲੰਗਰ ਹਾਲ, ਗਠੜੀ ਘਰ ਬਣਿਆ ਹੋਇਆ ਹੈ। ਇਥੇ ਡੇਢ ਕਿਲੋਮੀਟਰ ਦੂਰੀ 'ਤੇ ਲਹਰਟਾ ਵੀਰ ਮੰਦਰ ਹੈ ਜਿਥੇ ਬ੍ਰਾਹਮਣ ਗੁਰੂ ਰਵਿਦਾਸ ਜੀ ਨੂੰ ਮਾਰਨ ਵਾਸਤੇ ਆਏ, ਅੰਨ੍ਹੇ ਹੋ ਗਏ ਸਨ। ਕੁਝ ਦੂਰੀ 'ਤੇ ਗੰਗਾ ਨਦੀ ਵੱਗਦੀ ਹੈ। ਇਥੇ ਲੰਕਾ ਚੌਰਾਹਾ ਸ੍ਰੀ ਗੁਰੂ ਰਵਿਦਾਸ ਗੇਟ ਵੀ ਬਹੁਤ ਸੁੰਦਰ ਬਣਿਆ ਗੰਗਾ ਦੇ ਬਿਲਕੁਲ ਉਪਰ ਘਾਟ ਇਹ ਗੁਰੂ ਰਵਿਦਾਸ ਘਾਟ ਨਾਲ ਜਾਣਿਆ ਜਾਂਦਾ ਹੈ। ਇਸ ਅਸਥਾਨ ਨੂੰ ਕਾਫੀ ਸਮਾਂ ਗੁਰੂ ਸਾਹਿਬ ਆਪਣੇ ਚਰਨਾਂ-ਕਮਲਾਂ ਨਾਲ ਨਿਵਾਜਦੇ ਰਹੇ। ਹੁਣ ਇਥੇ ਸ੍ਰੀਮਤੀ ਮੀਰਾ ਕੁਮਾਰੀ ਵਲੋਂ ਬਹੁਤ ਹੀ ਵੱਡਾ ਮੰਦਰ ਨਿਰਮਾਣ-ਅਧੀਨ ਹੈ। ਬਨਾਰਸ ਉੱਤਰ ਪ੍ਰਦੇਸ਼ ਦੀ ਮੁੱਖ ਮੰਤਰੀ ਭੈਣ ਮਾਇਆਵਤੀ ਜੀ ਨੇ ਬਹੁਤ ਹੀ ਸੁੰਦਰ ਗੁਰੂ ਰਵਿਦਾਸ ਪਾਰਕ ਬਣਾਇਆ ਹੋਇਆ ਹੈ। ਸ੍ਰੀ ਗੁਰੂ ਰਵਿਦਾਸ ਜਨਮ ਸਥਾਨ ਪਬਲਿਕ ਚੈਰੀਟੇਬਲ ਟਰੱਸਟ ਦੇ ਚੇਅਰਮੈਨ ਸੰਤ ਬਾਬਾ ਨਿਰੰਜਣ ਦਾਸ ਜੀ ਮਹਾਰਾਜ ਦੀ ਸਰਪ੍ਰਸਤੀ ਹੇਠ ਹਰ ਸਾਲ ਸ੍ਰੀ ਗੁਰੂ ਰਵਿਦਾਸ ਜੀ ਦਾ ਜਨਮ ਦਿਹਾੜਾ ਮਾਘ ਦੀ ਪੂਰਨਮਾਸ਼ੀ ਨੂੰ ਮਨਾਇਆ ਜਾਂਦਾ ਹੈ। ਭਾਰਤ ਦੇ ਕੋਨੇ-ਕੋਨੇ ਅਤੇ ਵਿਦੇਸ਼ਾਂ ਵਿਚ ਰਹਿੰਦੇ ਗੁਰੂ ਰਵਿਦਾਸ ਪ੍ਰੇਮੀ ਸੰਗਤਾਂ ਇਥੇ ਆ ਕੇ ਗੁਰੂ ਸਾਹਿਬ ਦਾ ਜਨਮ-ਦਿਹਾੜਾ ਬੜੀ ਸ਼ਰਧਾ ਨਾਲ ਮਨਾ ਕੇ ਗੁਰੂ ਘਰੋਂ ਖੁਸ਼ੀਆਂ ਪ੍ਰਾਪਤ ਕਰਕੇ ਆਪਣੇ ਜੀਵਨ ਨੂੰ ਸਫਲ ਬਣਾਉਂਦੀਆਂ ਹਨ। ਜਨਮ ਦਿਹਾੜੇ 'ਤੇ ਇਥੇ ਪੈਰ ਰੱਖਣ ਨੂੰ ਜਗ੍ਹਾ ਨਹੀਂ ਹੁੰਦੀ। 10-12 ਵਿਸ਼ਾਲ ਟੈਂਟ ਸੰਗਤਾਂ ਦੇ ਰਹਿਣ ਲਈ ਲਗਾਏ ਜਾਂਦੇ ਹਨ। ਕਈ ਵਿਸ਼ਾਲ ਲੰਗਰ ਘਰਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ। ਇਥੇ 24 ਘੰਟੇ ਲੰਗਰ ਚੱਲਦੇ ਰਹਿੰਦੇ ਹਨ। ਸੇਵਾਦਾਰ ਸ਼ਰਧਾ ਨਾਲ ਸੇਵਾ ਨਿਭਾਉਂਦੇ ਹਨ। ਗੁਰੂ ਘਰ 'ਚ ਅਖੰਡ ਪਾਠ ਚੱਲਦੇ ਰਹਿੰਦੇ ਹਨ, ਕਥਾ-ਕੀਰਤਨ ਹੁੰਦਾ ਹੈ। ਇਸ ਪਾਵਨ ਅਸਥਾਨ ਦੇ ਦਰਸ਼ਨ ਕਰਨ ਨਾਲ ਮਨ ਗਦ-ਗਦ ਹੋ ਉਠਦਾ ਹੈ। ਇਸ ਅਸਥਾਨ ਨੂੰ ਦਲਿਤਾਂ ਦਾ ਮੱਕਾ ਵੀ ਕਿਹਾ ਜਾਂਦਾ ਹੈ, ਸੰਗਤਾਂ ਇਸ ਨੂੰ ਬੇਗਮਪੁਰਾ ਸਾਹਿਬ ਵੀ ਸਤਿਕਾਰ ਨਾਲ ਕਹਿੰਦੀਆਂ ਹਨ ਕਿਉਂਕਿ ਇਸ ਅਸਥਾਨ 'ਤੇ ਆ ਕੇ ਸਾਰੇ ਗਮ ਦੂਰ ਹੋ ਜਾਂਦੇ ਹਨ। ਸੋ ਹਰ ਇਕ ਪ੍ਰਾਣੀ ਨੂੰ ਇਸ ਅਸਥਾਨ ਦੇ ਦਰਸ਼ਨ ਜ਼ਰੂਰ ਕਰਨੇ ਚਾਹੀਦੇ ਹਨ। ੦

# ਗੁਰੂ ਰਵਿਦਾਸ ਬਾਣੀ ਤੋਂ ਪ੍ਰਭ ਪ੍ਰਾਪਤੀ ਦਾ ਮਾਰਗ

*—ਰਮੇਸ਼ ਕਲੇਰ, ਚੇਅਰਮੈਨ ਸ੍ਰੀ ਗੁਰੂ ਰਵਿਦਾਸ ਇੰਟਰਨੈਸ਼ਨਲ*
*ਆਰਗੇਨਾਈਜ਼ੇਸ਼ਨ ਫਾਰ ਹਿਊਮਨ ਸੰਸਥਾ, ਯੂ. ਕੇ.*

ਗੁਰੂ ਰਵਿਦਾਸ ਜੀ ਦੀ ਬਾਣੀ ਹਰ ਦੁੱਖਾਂ ਦੀ ਦਵਾ ਹੈ। ਹਰ ਸਮੱਸਿਆ ਦਾ ਹੱਲ ਹੈ। ਹਰ ਮੁਸੀਬਤ ਵਿਚ ਸਹਾਈ ਹੁੰਦੀ ਹੈ। ਇਹ ਗੁਰਬਾਣੀ ਆਪਣੇ ਆਪ ਵਿਚ ਵਿਸ਼ਵ-ਵਿਆਪੀ, ਸਰਬ-ਸਾਂਝੀਵਾਲਤਾ ਦੀ ਵਿਚਾਰਧਾਰਾ ਸਮੋਈ ਬੈਠੀ ਹੈ। ਪ੍ਰਭੂ-ਪ੍ਰਾਪਤੀ ਦੇ ਵੱਡਮੁੱਲੇ ਸਿਧਾਂਤ ਇਸ ਬਾਣੀ ਤੋਂ ਉਪਜਦੇ ਹਨ, ਸੋ ਗੁਰੂ ਰਵਿਦਾਸ ਜੀ ਦੀ ਬਾਣੀ ਜੇਕਰ ਅਸੀਂ ਧਿਆਨ, ਲਗਨ ਤੇ ਥੋੜ੍ਹੀ ਜਿਹੀ ਸੂਝ ਨਾਲ ਪੜ੍ਹੀਏ ਤਾਂ ਇਹ ਪੂਰਨ ਗੁਰੂ ਪ੍ਰਗਟ ਹੁੰਦੀ ਹੈ। ਸਾਨੂੰ ਇੰਝ ਮਹਿਸੂਸ ਹੋਵੇਗਾ ਕਿ ਗੁਰੂ ਸਾਹਿਬ ਸਾਨੂੰ ਖੁਦ ਮਾਰਗ ਦਰਸਾ ਰਹੇ ਹਨ। ਗੁਰੂ ਰਵਿਦਾਸ ਜੀ ਦੀ ਬਾਣੀ ਸਾਨੂੰ ਇਹ ਵੀ ਸਮਝਾਉਂਦੀ ਹੈ ਕਿ ਕਿਹੜੇ ਰਸਤੇ 'ਤੇ ਚੱਲਣਾ ਸਹੀ ਹੈ। ਇਹ ਬਾਣੀ ਸਾਨੂੰ ਸਹੀ-ਗਲਤ ਮਾਰਗ ਬਾਰੇ ਦਲੀਲਾਂ ਨਾਲ ਸਮਝਾਉਂਦੀ ਹੈ। ਅਫ਼ਸੋਸ ਦੀ ਗੱਲ ਹੈ ਕਿ ਸਾਡਾ ਸਮਾਜ ਇਸ ਗਿਆਨਮਈ ਸਮੁੰਦਰ ਜਿਹੜਾ ਹੀਰੇ-ਮਾਣਕ, ਮੋਤੀ, ਜਵਾਹਰਾਤ ਨਾਲ ਭਰਪੂਰ ਹੈ, ਵਿਚ ਡੁਬਕੀ ਨਹੀਂ ਲਗਾ ਰਿਹਾ, ਸਗੋਂ ਹੋਰ-ਹੋਰ ਕਰਮਕਾਂਡ, ਵਹਿਮਾਂ-ਭਰਮਾਂ ਅਤੇ ਅੰਧ-ਵਿਸ਼ਵਾਸਾਂ ਵਿਚ ਫਸਿਆ ਹੋਇਆ ਹੈ। ਇਹ ਆਪਣੇ ਮਨੋਰਥ ਮੰਜ਼ਲ ਤੋਂ ਭਟਕਿਆ ਹੋਇਆ

ਹੈ। ਮਨ ਦੀ ਸ਼ਾਂਤੀ ਗੁਆ ਚੁੱਕਾ ਹੈ ਕਿਉਂਕਿ ਇਸ ਦੀ ਮੰਜ਼ਲ ਉਸ ਪਾਰਬ੍ਰਹਮ ਪ੍ਰਭੂ ਦੀ ਪ੍ਰਾਪਤੀ ਕਰਨਾ ਨਹੀਂ। ਇਸ ਦੀ ਮੰਜ਼ਲ ਤਾਂ ਦੇਵੀ-ਦੇਵਤਿਆਂ, ਪੀਰਾਂ-ਪੈਗੰਬਰਾਂ, ਅਖੌਤੀ ਭਗਵਾਨਾਂ ਨੂੰ ਖੁਸ਼ ਕਰਨਾ ਹੈ ਜਾਂ ਫਿਰ ਇਹ ਇਨ੍ਹਾਂ ਪਾਸੋਂ ਸਰੀਰਕ ਪਦਾਰਥਾਂ ਦੀ ਆਸ ਲਾਈ ਬੈਠਾ ਹੈ। ਇਸਨੂੰ ਪਤਾ ਨਹੀਂ ਕਿ "ਦਦਾ ਦਾਤਾ ਏਕ ਹੈ ਸਭ ਕਉ ਦੇਵਣਹਾਰ" ਦਾਤਾ ਬਖਸ਼ਿਸ਼ਾਂ ਕਰਨ ਵਾਲਾ ਤਾਂ ਇਕੋ ਇਕ ਪਰਮਾਤਮਾ ਹੈ, ਉਸ ਪਾਸੋਂ ਤਾਂ ਦਾਤਾਂ ਮੰਗਣ ਦੀ ਵੀ ਲੋੜ ਨਹੀਂ ਪੈਂਦੀ। ਉਸ ਪ੍ਰਮਾਤਮਾ ਨੇ ਤਾਂ ਸਾਰਿਆਂ ਵਾਸਤੇ ਦਾਤਾਂ ਦੇਣ ਦਾ ਅਗਾਊਂ ਹੀ ਪ੍ਰਬੰਧ ਕਰੀ ਰੱਖਿਆ ਹੈ। ਸਤਿਗੁਰੂ ਰਵਿਦਾਸ ਜੀ ਫੁਰਮਾਉਂਦੇ ਹਨ :

ਜਿਨਿ ਜੀਉ ਦੀਆ ਸੁ ਰਿਜਕੁ ਅੰਬਰਾਵੈ॥
ਸਭ ਘਟ ਭੀਤਰਿ ਹਾਟੁ ਚਲਾਵੈ॥ (ਪੰਨਾ ੭੯੩)

ਪ੍ਰਭੂ ਸਿਮਰਨ ਦੇ ਮੰਤਵ ਦੇ ਲਈ ਪ੍ਰਭੂ ਨੇ ਜਿਸ ਜੀਵ ਨੂੰ ਜਨਮ ਦਿੱਤਾ ਹੈ ਉਸਦੀ ਪੇਟ-ਪੂਜਾ ਲਈ ਅੰਨ ਦੇ ਅਮੁੱਕ ਭੰਡਾਰ ਪੈਦਾ ਕਰ ਦਿੱਤੇ ਹਨ। ਉਹ ਆਪ ਜੀਵ ਅੰਦਰ ਬੈਠਾ ਹੈ, ਇਸਦਾ ਪ੍ਰਬੰਧ ਚਲਾ ਰਿਹਾ ਹੈ :

ਸਗਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕ ਆਗੈ ਕਰ ਧਰਿਆ॥

ਸਾਰੇ ਪੱਥਰਾਂ ਵਿਚ ਜਿੰਨੇ ਵੀ ਕੀੜੇ-ਮਕੌੜੇ ਹਨ, ਅੰਨ ਦੀ ਪ੍ਰਾਪਤੀ ਲਈ ਉਹ ਕੋਈ ਕਰਮ ਨਹੀਂ ਕਰਦੇ ਪਰ ਪਰਮਾਤਮਾ ਨੇ ਪੱਥਰਾਂ ਦੇ ਵਿਚ ਹੀ ਉਨ੍ਹਾਂ ਲਈ ਰਿਜ਼ਕ ਦਾ ਪ੍ਰਬੰਧ ਕਰ ਰੱਖਿਆ ਹੈ। ਇਸ ਤਰ੍ਹਾਂ ਬਾਕੀ ਦੀਆਂ ਦਾਤਾਂ ਵੀ ਸਾਨੂੰ ਉਸ ਪ੍ਰਮਾਤਮਾ ਨੇ ਦੇਣੀਆਂ ਹਨ। ਇਸ ਕਰਕੇ ਕਿਸੇ ਵੀ ਦਾਤ ਦੀ ਮੰਗ ਉਸ ਪਰਮਾਤਮਾ ਕੋਲੋਂ ਹੀ ਮੰਗਣੀ ਚਾਹੀਦੀ ਹੈ।

ਗੁਰੂ ਰਵਿਦਾਸ ਵਿਚਾਰਧਾਰਾ ਸਾਨੂੰ ਇਨ੍ਹਾਂ ਸੰਸਾਰਕ ਪਦਾਰਥਾਂ ਦੇ ਮੋਹ ਤੋਂ ਉਪਰ ਉਠਣ ਦੀ ਪ੍ਰੇਰਨਾ ਦਿੰਦੀ ਹੈ ਕਿ ਮਨੁੱਖ ਦਾ ਇਸ ਦੁਨੀਆਂ 'ਤੇ ਆਉਣ ਦਾ ਮੰਤਵ ਕੀ ਹੈ, ਭਾਈ ਮਨੁੱਖ ਦਾ ਮੰਤਵ ਆਪਣੇ ਅਸਲੇ (ਪ੍ਰਭੂ) ਨੂੰ ਪ੍ਰਾਪਤ ਕਰਨਾ ਹੈ ਨਾ ਕਿ ਕਿਸੇ ਦੇਵੀ-ਦੇਵਤੇ ਦੀ। ਸੋ ਪ੍ਰਭੂ-ਪ੍ਰਾਪਤੀ ਲਈ ਸਾਨੂੰ ਕੁਝ ਕਰਮ ਕਰਨੇ ਪੈਂਦੇ ਹਨ। ਸਾਨੂੰ ਇਹ ਕਰਮ ਗੁਰੂ ਰਵਿਦਾਸ ਜੀ ਦੁਆਰਾ ਦਰਸਾਏ ਮਾਰਗ ਅਨੁਸਾਰ ਹੀ ਕਰਨੇ ਚਾਹੀਦੇ ਹਨ। ਅਸੀਂ ਜਨਮ ਤੋਂ ਲੈ ਕੇ ਮਰਨ ਤੱਕ ਕਰਮ ਹੀ ਕਰਦੇ ਰਹਿੰਦੇ ਹਾਂ ਪਰ ਸਾਨੂੰ ਫਲ ਦੀ ਪ੍ਰਾਪਤੀ ਨਹੀਂ ਹੁੰਦੀ। ਇਥੇ ਦੋਸ਼ ਕਿਸ ਵਿਚ ਜਾਂ ਤਾਂ ਸਾਡੇ ਕਰਮ ਸਹੀ ਨਹੀਂ ਹਨ ਜਾਂ ਸਾਡੀ ਮੰਜ਼ਲ ਸਹੀ ਨਹੀਂ ਹੈ। ਜੇਕਰ ਸਾਡੀ ਮੰਜ਼ਲ ਤੇ ਕਰਮ ਸਹੀ ਹਨ ਤਾਂ ਸਾਨੂੰ ਕਿੰਨਾ ਚਿਰ ਕਰਮ ਕਰਨ ਦੀ ਲੋੜ ਪੈਂਦੀ ਹੈ। ਸਤਿਗੁਰੂ ਰਵਿਦਾਸ ਜੀ ਸਮਝਾਉਂਦੇ ਹਨ :

ਫਲ ਕਾਰਨ ਫੂਲੀ ਬਨਰਾਇ॥
ਫਲੁ ਲਾਗਾ ਤਬ ਫੂਲੁ ਬਿਲਾਇ॥

ਫਲ ਦੀ ਪ੍ਰਾਪਤੀ ਲਈ ਪਹਿਲੋਂ ਫੁੱਲ ਖਿੜਦਾ ਹੈ ਤੇ ਜਦੋਂ ਫਲ ਲੱਗ ਜਾਂਦਾ ਹੈ ਤਾਂ ਫੁੱਲ ਝੜ ਜਾਂਦਾ ਹੈ। ਇਸ ਤਰ੍ਹਾਂ ਮਨੁੱਖ ਗਿਆਨ ਪ੍ਰਾਪਤੀ ਦੀ ਖ਼ਾਤਰ ਕਰਮ ਕਰਦਾ ਹੈ ਤੇ ਜਦੋਂ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ ਤਾਂ ਕਰਮ (ਵਿਕਾਰਾਂ) ਦਾ ਨਾਸ਼ ਹੋ ਜਾਂਦਾ ਹੈ।

ਗਿਆਨੈ ਕਾਰਨ ਕਰਮ ਅਭਿਆਸੁ॥
ਗਿਆਨ ਭਇਆ ਤਹ ਕਰਮਹ ਨਾਸੁ॥

ਅਤੇ ਇਕ ਸਿਆਣੀ ਇਸਤ੍ਰੀ ਘਿਉ ਦੀ ਪ੍ਰਾਪਤੀ ਲਈ ਦਹੀਂ ਨੂੰ ਰਿੜਕਦੀ ਹੈ ਤੇ ਜਦ ਦਹੀਂ 'ਚੋਂ ਘਿਉ ਨਿਕਲ ਆਉਂਦਾ ਹੈ ਤਾਂ ਉਹ ਰਿੜਕਣਾ ਬੰਦ ਕਰ ਦਿੰਦੀ ਹੈ।

ਘ੍ਰਿਤ ਕਾਰਨ ਦਧਿ ਮਥੈ ਸਇਆਨ॥
ਜੀਵਨ ਮੁਕਤ ਸਦਾ ਨਿਰਬਾਨ॥

ਸੋ ਜੇਕਰ ਸਾਡੀ ਮੰਜ਼ਲ ਸਹੀ ਹੈ, ਸਾਡੇ ਕੀਤੇ ਜਾ ਰਹੇ ਕਰਮ ਸਹੀ ਹਨ, ਸਾਡੇ ਵਿਚ ਪ੍ਰਭੂ ਪ੍ਰਾਪਤੀ ਦੀ ਲਗਨ ਹੈ ਤਾਂ ਜ਼ਰੂਰੀ ਹੀ ਅਸੀਂ ਜਿਊਂਦੇ ਜੀਅ ਮੁਕਤ ਹੋ ਸਕਦੇ ਹਾਂ। ਸੋ ਗੁਰੂ ਰਵਿਦਾਸ ਜੀ ਸਾਨੂੰ ਭਟਕੇ ਹੋਏ ਮਨੁੱਖਾਂ ਨੂੰ ਸਮਝਾਉਂਦੇ ਹਨ ਕਿ ਹੇ ਅਭਾਗੇ ਮਨੁੱਖ ਪ੍ਰਮਾਤਮਾ ਤੇਰੇ ਹਿਰਦੇ ਵਿਚ ਹੈ, ਇਸ ਲਈ ਤੂੰ ਪ੍ਰਭੂ ਸਿਮਰਨ ਦੀ ਸਖ਼ਤ ਮਿਹਨਤ ਤੇ ਉੱਦਮ ਸਦਕਾ ਵਿਕਾਰਾਂ 'ਤੇ ਕਾਬੂ ਪਾ ਕੇ ਉਸ ਪ੍ਰਮਾਤਮਾ ਪ੍ਰਭੂ ਨੂੰ ਪ੍ਰਾਪਤ ਕਿਉਂ ਨਹੀਂ ਕਰਦਾ।

ਕਹਿ ਰਵਿਦਾਸ ਪਰਮ ਬੈਰਾਗ॥
ਰਿਦੈ ਰਾਮ ਕੀ ਨ ਜਪਸਿ ਅਭਾਗ॥

ੋ

# ਇਕ ਯੋਧਾ ਇਸਤਰੀ

—ਮਾ: ਰਾਮ ਧਨ ਨਾਂਗਲੂ, ਭੋਗਪੁਰ (ਜਲੰਧਰ)

ਸ੍ਰਿਸ਼ਟੀ ਦੀ ਰਚਨਾ ਵਿਚ ਕਈ ਪ੍ਰਕਾਰ ਦੇ ਅਜੂਬੇ ਹਨ ਜਿਵੇਂ ਧਰਤੀ, ਸੂਰਜ, ਤਾਰੇ ਤੇ ਜੀਵ ਆਦਿ। ਇਹਨਾਂ ਅਜੂਬਿਆਂ ਵਿਚ ਇਕ ਵਚਿੱਤਰ ਅਜੂਬਾ ਹੈ, 'ਇਸਤਰੀ' ਅਤੇ ਇਸਤਰੀਆਂ ਵਿਚ ਸਭ ਤੋਂ ਵੱਧ ਮੋਹਰੀ ਹੈ ਆਦਿ ਸਮਾਜ ਦੀ ਇਸਤਰੀ।

ਆਦਿ ਸਮਾਜ ਦੀ ਇਸਤਰੀ ਵਿਚ ਇਕ ਅਨੋਖਾਪਨ ਹੈ। ਇਹ ਹਰ ਖੇਤਰ ਵਿਚ ਬਾਕੀ ਸਮਾਜ ਦੀਆਂ ਇਸਤ੍ਰੀਆਂ ਨਾਲੋਂ ਜੀਵਨ-ਸੰਘਰਸ਼ ਵੱਧ ਕਰਦੀਆਂ ਹਨ। ਜੀਵਨ ਨਾਲ ਘੁਲਣਾ ਆਦਿ ਸਮਾਜ ਦੀਆਂ ਇਸਤ੍ਰੀਆਂ ਨੂੰ ਵਿਰਸੇ ਵਿਚ ਮਿਲਿਆ ਹੁੰਦਾ ਹੈ। ਇਹਨਾਂ ਦੀਆਂ ਬਾਹਾਂ ਵਿਚ ਅਤਿ ਦਾ ਬਲ ਹੁੰਦਾ ਹੈ। ਦਿਨ-ਰਾਤ ਖੁਰਪਾ-ਦਾਤਰੀ ਆਦਿ ਚਲਾਉਂਦੀਆਂ ਹਨ। ਇਹਨਾਂ ਦੇ ਸਿਰ ਪੱਕੀ ਤੇ ਕਰੜੀ ਚਮੜੀ ਦੇ ਬਣੇ ਹੋਏ ਹੁੰਦੇ ਹਨ। ਤਦੇ ਸਾਰਾ ਦਿਨ ਭਾਰ ਢੋਂਹਦੀਆਂ ਹਨ। ਲੱਤਾਂ ਹਨ ਕਿ ਕਾਰਜ ਵਿਚ ਰੁਝੀਆਂ ਸਾਰਾ ਦਿਨ ਚੱਲ ਸੋ ਚੱਲ, ਥੱਕਦੀਆਂ ਨਹੀਂ। ਆਦਿ ਸਮਾਜ ਦੀ ਇਸਤ੍ਰੀ ਗਰੀਬੀ ਨਾਲ ਜੂਝਦੀ ਹੈ, ਫਾਕੇ ਕੱਟਦੀ ਹੈ, ਬੱਚਿਆਂ ਦਾ ਬੋਝ ਝੱਲਦੀ ਹੈ, ਇਸੇ ਲਈ ਬਿਨਾਂ ਸ਼ੱਕ ਇਸ ਨੂੰ 'ਇਕ ਯੋਧਾ ਇਸਤ੍ਰੀ' ਕਿਹਾ ਜਾ ਸਕਦਾ ਹੈ।

ਜੀਵਨ ਦੇ ਸੰਘਰਸ਼ ਵਿਚ ਹਰ ਪੜ੍ਹਾਅ 'ਤੇ ਮੱਲਾਂ ਮਾਰਨ ਵਾਲੀ, ਆਪਣੇ ਦੁੱਖ-ਦਲਿੱਦਰ ਨੂੰ ਲਤਾੜਦੀ ਹੋਈ ਅੱਗੇ ਹੀ ਅੱਗੇ ਵਧਣ ਵਾਲੀ ਇਹ ਯੋਧਾ ਇਸਤ੍ਰੀ ਹਾਰੀ ਹੋਈ ਕਿਉਂ ਹੈ? ਕਿਉਂ ਇਸਦਾ ਸਮਾਜ ਪਛੜਿਆ ਹੋਇਆ ਹੈ? ਗਰੀਬੀ ਇਸ ਦੇ ਹੱਡ ਕਿਉਂ ਭੰਨਦੀ ਹੈ? ਇਸਦੇ ਕਈ ਕਾਰਨਾਂ ਵਿਚੋਂ ਸਭ ਤੋਂ ਵੱਧ ਮਹੱਤਵਪੂਰਨ ਕਾਰਨ ਹੈ, 'ਅਨਪੜ੍ਹਤਾ'।

ਅਨਪੜ੍ਹਤਾ ਆਦਿ ਸਮਾਜ (ਆਦਿ-ਧਰਮੀ) ਦੀ ਇਸਤਰੀ ਦੇ ਅੱਗੇ ਵੱਧਣ ਦੇ ਰਾਹ ਦਾ ਰੋੜਾ ਹੈ। ਆਦਿ ਸਮਾਜ ਦੀ ਇਸਤ੍ਰੀ ਦੇ ਕੋਲ ਜੇਕਰ ਅੱਖਰੀ ਗਿਆਨ ਨਹੀਂ ਤਾਂ ਉਸ ਪਾਸ 'ਸੋਝੀ' ਤਾਂ ਹੈ। ਜੀਵਨ ਨਾਲ ਸੰਘਰਸ਼ ਕਰਨ ਦਾ ਸਾਹਸ ਤਾਂ ਹੈ। ਆਪਣੀ ਸੂਝ ਤੇ ਸਾਹਸ ਨੂੰ ਵਰਤ ਕੇ ਆਦਿ ਸਮਾਜ ਦੀ ਮਾਤਾ ਨੂੰ ਆਪਣੇ ਬੱਚਿਆਂ ਨੂੰ ਵਿਦਿਆ ਪੜ੍ਹਨ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ, ਵਿਸ਼ੇਸ਼ ਕਰਕੇ ਬੱਚੀਆਂ ਨੂੰ। ਜਿਸ ਸਮਾਜ ਦੀ ਬੱਚੀ ਪੜ੍ਹ ਗਈ ਸਮਝੋ ਸਾਰਾ ਸਮਾਜ ਪੜ੍ਹ ਗਿਆ। ਫਿਰ ਖੁਸ਼ਹਾਲੀ, ਸਵਤੰਤਰਾ ਤੇ ਅਣਖ ਉਸ ਸਮਾਜ ਦੇ ਕਦਮ ਚੁੰਮਣਗੀਆਂ।

ਮੇਰੀ ਨਿਮ੍ਰਤਾ ਸਹਿਤ ਆਦਿ ਸਮਾਜ ਦੀਆਂ ਮਾਵਾਂ ਨੂੰ ਬੇਨਤੀ ਹੈ ਕਿ ਉਹ ਯੋਧਾ ਹੁੰਦਿਆਂ ਹੋਇਆਂ ਵੀ ਕਿਉਂ ਹਾਰੀ ਹੋਈ ਹੈ। ਜਿੱਤ ਦੀ ਪ੍ਰਾਪਤੀ ਦਾ ਇਕੋ-ਇਕ ਸਾਧਨ ਹੈ ਆਦਿ ਸਮਾਜ ਦੀਆਂ ਮਾਤਾਵਾਂ ਆਪਣੇ ਬੱਚੇ-ਬੱਚੀਆਂ ਨੂੰ ਵੱਧ ਤੋਂ ਵੱਧ ਵਿਦਿਆ ਦਿਵਾਉਣ। ਇਸੇ ਵਿਚ ਸਮਾਜ ਕਲਿਆਣ ਹੈ।

ੋ

ਗੀਤ

# ਸੀਰ ਗੋਵਰਧਨਪੁਰ

*ਗੀਤਕਾਰ : ਬਲਵੀਰ ਹੀਰ, ਕੈਨੇਡਾ*

ਸਤਿਗੁਰੂ ਰਵਿਦਾਸ ਬਿਨਾਂ ਮੇਰਾ ਕੋਈ ਨਾ ਹੋਰ ਸਹਾਰਾ।
ਸੀਰ ਗੋਵਰਧਨਪੁਰ ਵਿਚ ਵਸਦਾ ਮਾਂ ਕਲਸੀ ਦਾ ਤਾਰਾ।

ਜਾਤ ਪਾਤ ਤੇ ਹਉਮੈ ਵਾਲੀਆਂ ਮਾਏ ਵਿਖਾ ਨਾ ਝੰਡੀਆਂ।
ਧਰਮ ਦੇ ਠੇਕੇਦਾਰਾਂ ਪਾਈਆਂ ਦੁਨੀਆਂ ਦੇ ਵਿਚ ਵੰਡੀਆਂ।
ਲੱਗ ਜਾ ਮਾਏ ਗੁਰਾਂ ਦੇ ਚਰਨੀਂ ਪਾਉਣਾ ਜੇ ਛੁਟਕਾਰਾ—
ਸੀਰ ਗੋਵਰਧਨਪੁਰ.............................।

ਧਰ ਧਿਆਨ ਮਨ ਮੰਦਿਰ ਦੇ ਵਿਚ ਉਸ ਦੀ ਜੋਤ ਜਗਾ ਲੈ।
ਪਤਝੜ ਵਰਗੇ ਜੀਵਨ ਵਿਚੋਂ ਤੂੰ ਅੰਧਕਾਰ ਮਿਟਾ ਲੈ।
ਦੋਰੀ ਵਿਚੋਂ ਅੰਮ੍ਰਿਤ ਪੀ ਲੈ ਕੰਮ ਨਹੀਂ ਕੋਈ ਭਾਰਾ—
ਸੀਰ ਗੋਵਰਧਨਪੁਰ.............................।

ਕਾਂਸ਼ੀ ਵਾਲੇ ਅੱਗੇ ਤੇਰੀ ਚੱਲਣੀ ਨਾ ਚਤੁਰਾਈ।
ਛੱਡ ਦੇ ਮਾਣ ਹੰਕਾਰ ਤੂੰ ਮਾਏ ਜਾਵਾਂ ਮੈਂ ਸਮਝਾਈ।
ਚੰਗਾ ਕਰਮ ਕਮਾ ਲੈ ਜੀਵਨ ਮਿਲਣਾ ਨਹੀਂ ਦੁਬਾਰਾ—
ਸੀਰ ਗੋਵਰਧਨਪੁਰ.............................।

ਸਾਧ ਸੰਗਤ ਨੂੰ ਮੇਰੇ ਸਤਿਗੁਰੂ ਬਖਸ਼ ਦਿੱਤੀ ਵਡਿਆਈ।
ਨਾਮ ਤੇਰੇ ਆਰਤੀ ਗਾਉਂਦੇ ਸਾਰੇ ਰਲਕੇ ਮਾਈ ਭਾਈ।
'ਬਲਵੀਰ ਹੀਰ' ਨੇ ਦੇਖਿਆ ਉਹਦੇ ਦਰ ਦਾ ਅਜ਼ਬ ਨਜ਼ਾਰਾ—
ਸੀਰ ਗੋਵਰਧਨਪੁਰ.............................।

---

## ਸਭ ਚੰਗਾ ਚੰਗਾ ਹੈ

ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ (ਰਜਿ:) ਪੰਜਾਬ ਪਿਛਲੇ ਕਈ ਸਾਲਾਂ ਤੋਂ ਸ੍ਰੀ ਗੁਰੂ ਰਵਿਦਾਸ ਫਿਲਾਸਫੀ ਦੀ ਰੌਸ਼ਨੀ ਘਰ-ਘਰ ਪਹੁੰਚਾ ਰਹੀ ਹੈ। ਕਈ ਪੰਫਲਿਟ ਤੇ ਪੁਸਤਕਾਂ ਛਾਪੀਆਂ ਗਈਆਂ ਹਨ। ਇਹ ਸਭ ਚੰਗਾ ਚੰਗਾ ਹੈ। ਸਮਾਜ ਨੂੰ ਇਸ ਨਾਲ ਅਗਵਾਈ ਮਿਲਦੀ ਹੈ।

108 ਸੰਤ ਸਰਵਣ ਦਾਸ
ਚੇਅਰਮੈਨ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ, ਪੰਜਾਬ
ਡੇਰਾ ਸੰਤ ਸੀਤਲ ਦਾਸ ਬੋਹਣ, ਹੁਸ਼ਿਆਰਪੁਰ।

# ਯਾਦ ਰੱਖਣ ਯੋਗ ਗੱਲਾਂ

1. ਸ੍ਰੀ ਗੁਰੂ ਰਵਿਦਾਸ ਜੀ ਦਾ ਜਨਮ ਮਾਘ ਦੀ ਪੂਰਨਮਾਸ਼ੀ ਸੰਮਤ 1433 ਬਿਕ੍ਰਮੀ ਨੂੰ ਸੀਰ ਗੋਵਰਧਨਪੁਰ ਵਾਰਾਨਸੀ, ਯੂ. ਪੀ. ਦੀ ਪਾਵਨ ਧਰਤੀ 'ਤੇ ਹੋਇਆ।

2. ਗੁਰੂ ਜੀ ਦੇ ਪਿਤਾ ਜੀ ਦਾ ਨਾਮ ਬਾਬਾ ਸੰਤੋਖ ਦਾਸ ਜੀ, ਮਾਤਾ ਜੀ ਦਾ ਨਾਮ ਮਾਤਾ ਕਲਸੀ ਜੀ, ਪਤਨੀ ਦਾ ਨਾਮ ਮਾਤਾ ਲੋਨਾ ਜੀ ਤੇ ਸਪੁੱਤਰ ਸ੍ਰੀ ਵਿਜੇਦਾਸ ਜੀ ਸੀ।

3. ਗੁਰੂ ਰਵਿਦਾਸ ਜੀ ਦੇ ਗੁਰੂ ਸਵਾਮੀ ਰਾਮਾਨੰਦ ਜੀ ਨਹੀਂ ਸਨ। ਉਹਨਾਂ ਦੇ ਗੁਰੂ ਕੇਵਲ ਪਾਰਬ੍ਰਹਮ ਪ੍ਰਮਾਤਮਾ ਸਨ। ਗੁਰੂ ਜੀ ਦਾ ਇਸ਼ਟ ਕੇਵਲ ਪਾਰਬ੍ਰਹਮ ਪ੍ਰਮਾਤਮਾ ਹੈ।

4. ਗੁਰੂ ਜੀ ਦੀ ਵਿਚਾਰਧਾਰਾ ਦੇਵੀ-ਦੇਵਤਿਆਂ, ਅਖੌਤੀ ਭਗਵਾਨਾਂ, ਮੜ੍ਹੀਆਂ-ਮਸਾਣਾਂ ਦੀ ਪੂਜਾ ਨੂੰ ਛੱਡ ਕੇ ਕੇਵਲ ਇਕ ਪ੍ਰਮਾਤਮਾ ਦੇ ਲੜ ਲੱਗਣ ਦਾ ਉਪਦੇਸ਼ ਦਿੰਦੀ ਹੈ।

5. ਗੁਰੂ ਜੀ ਦੀ ਵਿਚਾਰਧਾਰਾ ਮੂਰਤੀ-ਪੂਜਾ ਅਤੇ ਆਰਤੀ ਉਤਾਰਨ ਦਾ ਖੰਡਨ ਕਰਦੀ ਹੈ ਅਤੇ ਉਪਦੇਸ਼ ਦਿੰਦੀ ਹੈ ਕਿ ਪ੍ਰਭੂ ਦਾ ਸਿਮਰਨ ਕਰਨ, ਗਰੀਬਾਂ, ਮਜ਼ਲੂਮਾਂ ਦੀ ਸੇਵਾ ਤੇ ਕੁਦਰਤ ਦੇ ਨਿਯਮਾਂ ਦੀ ਪਾਲਨਾ ਕਰਨਾ ਹੀ ਅਸਲੀ ਪੂਜਾ ਅਤੇ ਆਰਤੀ ਹੈ। ਇਸ ਤੋਂ ਇਲਾਵਾ ਬਾਕੀ ਸਭ ਝੂਠ ਅਤੇ ਫੋਕੇ ਅਡੰਬਰ ਹਨ।

6. ਪ੍ਰਭ ਦੀ ਪੂਜਾ ਲਈ ਦੁੱਧ, ਫਲ, ਧੂਪ, ਚਰਾਗ, ਪ੍ਰਸ਼ਾਦ ਆਦਿ ਅਰਪਨ ਕਰਨਾ ਮਨਮਤਿ ਹੈ ਕਿਉਂਕਿ ਇਹ ਪਦਾਰਥ ਕੁਦਰਤੀ ਤੌਰ 'ਤੇ ਜੂਠੇ ਹਨ ਅਤੇ ਪ੍ਰਭੂ ਦੇ ਹੀ ਪੈਦਾ ਕੀਤੇ ਹੋਣ ਕਾਰਨ ਪ੍ਰਭੂ ਨੂੰ ਭੇਟ ਕਰਨ ਦੇ ਯੋਗ ਨਹੀਂ ਹਨ। ਇਸ ਕਰਕੇ ਆਪਣਾ ਮਨ ਅਤੇ ਤਨ ਪ੍ਰਭ ਦੀ ਸੇਵਾ ਲਈ ਅਰਪਨ ਕਰੋ।

7. ਗੁਰੂ ਜੀ ਵਹਿਮਾਂ-ਭਰਮਾਂ, ਅੰਧ-ਵਿਸ਼ਵਾਸਾਂ ਤੋਂ ਦੂਰ ਰਹਿਣ ਦੀ ਪ੍ਰੇਰਨਾ ਦਿੰਦੇ ਹਨ ਅਤੇ ਉੱਦਮ ਕਰਦਿਆਂ ਪ੍ਰਭੂ ਦੇ ਭਾਣੇ ਵਿਚ ਰਹਿਣ ਦਾ ਉਪਦੇਸ਼ ਕਰਦੇ ਹਨ।

8. ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਜੀ ਦੇ 40 ਸ਼ਬਦ ਅਤੇ ਇਕ ਸਲੋਕ ਦਰਜ ਹਨ।

9. ਆਦਿ ਧਰਮ ਦਾ ਬੋਲਾ ਜੈ ਗੁਰਦੇਵ! ਧੰਨ ਗੁਰਦੇਵ ਹੈ।

10. ਆਦਿ ਧਰਮ ਦਾ ਰੰਗ ਮਜੀਠ (ਉਨਾਭੀ, ਲਾਖਾ ਹੈ) ਇਸ ਕਰਕੇ ਗੁਰੂ ਰਵਿਦਾਸ ਜੀ ਗੁਰੂ ਘਰਾਂ ਵਿਚ ਮਜੀਠ ਰੰਗ ਦੇ ਨਿਸ਼ਾਨ ਸਾਹਿਬ ਝੂਲਦੇ ਹਨ।

11. ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਆਤਮਾ ਅਤੇ ਪ੍ਰਮਾਤਮਾ ਦੀ ਹੋਂਦ ਨੂੰ ਸਵੀਕਾਰ ਕਰਦੀ ਹੈ।

12. ਗੁਰੂ ਜੀ 1584 ਬਿਕ੍ਰਮੀ ਨੂੰ 151 ਸਾਲ ਦੀ ਲੰਬੀ ਆਯੂ ਭੋਗ ਕੇ ਪ੍ਰਭ ਦਾ ਸਿਮਰਨ ਕਰਦੇ ਪ੍ਰਭ ਵਿਚ ਲੀਨ ਹੋ ਗਏ। ਸਮੇਂ ਦੇ ਹਾਕਮ ਅਤੇ ਪੁਜਾਰੀਆਂ ਨਾਲ ਗੁਰੂ ਜੀ ਨੇ ਲੋਹਾ ਲਿਆਂ ਤੇ ਉਹਨਾਂ ਨੂੰ ਹਰਾਇਆ, ਲੇਕਿਨ ਕੋਈ ਵੀ ਗੁਰੂ ਜੀ ਦਾ ਵਾਲ ਵੀ ਵਿੰਗਾ ਨਹੀਂ ਕਰ ਸਕਿਆ।

13. ਸੰਸਥਾ ਦੇ ਦਿੱਤੇ ਪਤੇ 'ਤੇ ਆਪਣਾ ਅਡਰੈੱਸ ਲਿਖਿਆ ਪੰਜਾਹ ਪੈਸੇ ਵਾਲਾ ਪੋਸਟਕਾਰਡ ਭੇਜੋ ਤੇ ਗੁਰੂ ਜੀ ਦੇ ਮਿਸ਼ਨ ਦਾ ਲਿਟਰੇਚਰ ਮੁਫ਼ਤ ਮੰਗਵਾਓ।

# ਗੁਰੂ ਰਵਿਦਾਸ ਜੀ ਦੇ ਇਤਿਹਾਸਕ ਅਸਥਾਨ

ਗੁਰੂ ਰਵਿਦਾਸ ਜੀ ਦੇ ਇਤਿਹਾਸਕ ਅਸਥਾਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :

(ੳ) ਦੱਖਣੀ ਭਾਰਤ ਵਿਚ ਬਾਲਾ ਜੀ ਪਹਾੜੀ ਦੀ ਉਤਰਾਈ 'ਤੇ ਤਿਰੁਪਤੀ ਮੰਦਰ ਕੋਲ ਰਵਿਦਾਸ ਜੀ ਦਾ ਇਕ ਸਮਾਰਕ (Ravidas Pathway) ਬਣਿਆ ਹੋਇਆ ਹੈ। ਬਾਲਾ ਜੀ ਪਹਾੜੀ ਦੇ ਹੇਠਾਂ "ਬੈਕੁੰਠ ਕੀਲ" ਨਾਮ ਦੀ "ਰਵਿਦਾਸ ਗੱਦੀ" ਵੀ ਹੈ।

(ਅ) ਹੈਦਰਾਬਾਦ ਵਿਚ ਐਲੋਰਾ ਵਿਖੇ ਇਕ ਗੁਰੂ "ਰਵਿਦਾਸ ਕੁੰਡ" ਤਲਾਅ ਬਣਿਆ ਹੋਇਆ ਹੈ।

(ੲ) ਕਾਠੀਆਵਾੜ ਦੇ ਜੂਨਾਗੜ੍ਹ (ਗੁਜਰਾਤ) ਤੋਂ ਚੀਵੜ੍ਹ ਸਟੇਸ਼ਨ ਦੇ ਕੋਲ ਗੁਰੂ 'ਰਵਿਦਾਸ ਕੁੰਡ' ਹੈ।

(ਸ) ਮਾਂਡੋਗੜ੍ਹ ਪਿੰਡ ਵਿਚ (ਰਾਜਸਥਾਨ) "ਰਵਿਦਾਸ ਕੁੰਡ" ਤੇ ਰਵਿਦਾਸ ਜੀ ਦੀ ਕੁਟੀਆ ਹੈ।

(ਹ) ਬਨਾਰਸ ਵਿਚ "ਗੋਪਾਲ ਮੰਦਰ" ਜੋ "ਤੁਲਸੀ ਗੁਫਾ" ਦੇ ਨਾਮ ਨਾਲ ਪ੍ਰਸਿੱਧ ਹੈ, ਇਸ ਵਿਚ ਗੁਰੂ ਰਵਿਦਾਸ ਜੀ ਰਾਹੀਂ ਪ੍ਰਯੋਗ ਕੀਤੀਆਂ ਵਸਤੂਆਂ ਰੰਬੀ, ਆਰ ਆਦਿ ਸੁਸ਼ੋਭਿਤ ਹਨ। ਇਹ ਗੁਫਾ ਆਮ ਕਰਕੇ ਬੰਦ ਰਹਿੰਦੀ ਹੈ। ਕੁਝ ਵਿਦਵਾਨ ਇਸ ਅਸਥਾਨ ਨੂੰ ਗੁਰੂ ਰਵਿਦਾਸ ਜੀ ਦਾ ਜਨਮ ਅਸਥਾਨ ਮੰਨਦੇ ਹਨ ਅਤੇ ਕੁਝ ਨਿਵਾਸ ਅਸਥਾਨ ਅਤੇ ਭਗਤੀ/ਸਮਾਧੀ ਸਥਾਨ ਦੱਸਦੇ ਹਨ। ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਗੁਰੂ ਰਵਿਦਾਸ ਜੀ ਦਾ ਆਖਰੀ ਸਮਾਂ ਇਥੇ ਹੀ ਬੀਤਿਆ ਸੀ।

(ਕ) ਚਿਤੌੜਗੜ੍ਹ (ਰਾਜਸਥਾਨ) ਵਿਚ ਕੁਭਨਸਯਾਸ ਮੰਦਰ ਦੇ ਕੋਲ "ਗੁਰੂ ਰਵਿਦਾਸ ਜੀ ਦੀ ਛਤਰੀ" ਅਤੇ ਗੁਰੂ "ਰਵਿਦਾਸ ਜੀ ਦੇ ਚਰਨ ਚਿੰਨ੍ਹ" ਬਣੇ ਹੋਏ ਹਨ। ਮੀਰਾਂ ਜੀ ਨੇ ਇਹ ਮੰਦਰ ਰਵਿਦਾਸ ਜੀ ਦੇ ਆਗਮਨ 'ਤੇ ਬਣਵਾਇਆ ਸੀ।

(ਖ) ਕਪਾਲ ਮੋਚਨ, ਜ਼ਿਲ੍ਹਾ ਯਮੁਨਾ ਨਗਰ (ਹਰਿਆਣਾ) ਵਿਚ ਆਪ ਜੀ ਦਾ ਮੰਦਰ ਹੈ।

(ਗ) ਪਿੰਡ ਖੁਰਾਲਗੜ੍ਹ, ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ ਵਿਚ ਆਪ ਜੀ ਦਾ ਚਰਨ-ਛੂਹ ਅਸਥਾਨ ਹੈ।


(ਘ) ਸੀਰ-ਗੋਵਰਧਨਪੁਰ : ਬਨਾਰਸ ਤੋਂ ਦਸ ਕਿਲੋਮੀਟਰ ਦੂਰ, ਕਾਸ਼ੀ ਵਿਚ ਛੋਟਾ ਜਿਹਾ ਪਿੰਡ ਸੀਰ ਗੋਵਰਧਨਪੁਰ ਵਿਚ ਗੁਰੂ ਰਵਿਦਾਸ ਜੀ ਦਾ ਬਹੁਤ ਹੀ ਸੋਹਣਾ ਪੰਜ ਮੰਜ਼ਲੀ ਮੰਦਰ ਹੈ। ਇਥੇ ਹਰ ਸਾਲ ਆਪ ਜੀ ਦਾ ਜਨਮ ਪੁਰਬ ਮਨਾਇਆ ਜਾਂਦਾ ਹੈ। ਭਾਰਤ ਦੇਸ਼ ਅਤੇ ਵਿਦੇਸ਼ਾਂ ਤੋਂ ਸ਼ਰਧਾਲੂ ਸ਼ਾਮਿਲ ਹੁੰਦੇ ਹਨ।

(ਙ) ਲੋਹਟਾਂਵੀਰ : ਗੁਰੂ ਰਵਿਦਾਸ ਮੰਦਰ, ਸੀਰ ਗੋਵਰਧਨਪੁਰ, ਕਾਂਸ਼ੀ, ਬਨਾਰਸ ਤੋਂ ਗੰਗਾ ਨਦੀ ਵੱਲ ਲਗਪਗ ਇਕ ਕਿਲੋਮੀਟਰ ਦੀ ਦੂਰੀ 'ਤੇ ਇਕ ਥੜ੍ਹਾ ਅਤੇ ਕੁਟੀਆ ਹੈ। ਪੰਡਤਾਂ ਵਲੋਂ ਗੁਰੂ ਰਵਿਦਾਸ ਜੀ ਉਤੇ ਘਾਤਕ ਹਮਲਾ ਕਰਨ ਸਮੇਂ ਇਸ ਥਾਂ ਅੰਨ੍ਹੇ ਹੋ ਗਏ ਸਨ ਅਤੇ ਆਪਣੇ ਆਗੂ ਸ੍ਰੀ ਕਿਦਾਰਾਨਾਥ ਨੂੰ ਭੁਲੇਖੇ ਵਿਚ ਮਾਰ ਦਿੱਤਾ ਸੀ।

(ਚ) ਗੁਰੂ ਰਵਿਦਾਸ ਮੰਦਰ : ਬਨਾਰਸ ਵਿਚ ਗੰਗਾ ਨਦੀ ਦੇ ਕਿਨਾਰੇ, ਰਾਜ ਘਾਟ 'ਤੇ ਗੁਰੂ ਰਵਿਦਾਸ ਮੰਦਰ ਸਵਰਗਵਾਸੀ ਜਗਜੀਵਨ ਰਾਮ ਜੀ ਨੇ ਬਣਵਾਇਆ ਸੀ। ਸ੍ਰੀਮਤੀ ਮੀਰਾ ਕੁਮਾਰ ਸਪੁੱਤਰੀ ਸ੍ਰੀ ਜਗਜੀਵਨ ਰਾਮ ਜੀ, ਇਸ ਦੀ ਦੇਖ-ਰੇਖ ਕਰਦੀ ਹੈ। ਇਸ ਸਥਾਨ 'ਤੇ ਹਰ ਸਾਲ ਮੇਲਾ ਲੱਗਦਾ ਹੈ।

(ਛ) ਹਰਿਦੁਆਰ, "ਹਰਿ ਕੀ ਪੌੜੀ" ਦੇ ਨੇੜੇ ਸ੍ਰੀ ਗੁਰੂ ਰਵਿਦਾਸ ਜੀ ਦੀ ਮੂਰਤੀ ਸਥਾਪਿਤ ਹੈ।







1. ਪਿੰਡ ਲੁਹਾਰਾਂ ਚਾਹੜਕੇ (ਭੋਗਪੁਰ) ਵਿਖੇ ਧਾਰਮਿਕ ਕਲਾਸਾਂ ਤੋਂ ਬਾਅਦ ਪਾਸ ਬੱਚਿਆਂ ਨੂੰ ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ (ਰਜਿ:) ਪੰਜਾਬ ਵਲੋਂ ਸਰਟੀਫਿਕੇਟ ਅਤੇ ਤੋਹਫਿਆਂ ਨਾਲ ਸਨਮਾਨਿਤ ਕੀਤਾ ਗਿਆ; 2. ਬੱਚੇ ਧਾਰਮਿਕ ਪ੍ਰੀਖਿਆ ਦਿੰਦੇ ਹੋਏ; 3. ਪੰਫਲਿਟ ਰਿਲੀਜ਼ ਕਰਦੇ ਹੋਏ ਸੰਸਥਾ ਦੇ ਸੇਵਾਦਾਰ।



ਸ੍ਰੀ ਗੁਰੂ ਰਵਿਦਾਸ ਜੀ ਦੇ ਬਚਪਨ ਨੂੰ ਦਰਸਾਉਂਦੀ ਹੋਈ ਤਸਵੀਰ ਜੋ ਕਿ ਸ੍ਰੀ ਗੁਰੂ ਰਵਿਦਾਸ ਭਵਨ, ਲਿੰਕ ਰੋਡ, ਜਲੰਧਰ ਦੇ ਮਿਊਜ਼ੀਅਮ ਹਾਲ ਵ੍ਹਿਚ ਸੁਸ਼ੋਭਿਤ ਹੈ।